# ਵਰਿਆਮ

ਜੂਲਾਈ ੧੯੯੨

□

ਏਹ ਦੋਊ ਮੋਹ ਬਾਦ ਮੋ ਪਚੇ
ਇਨ ਤੇ ਨਾਥ ਨਿਰਾਲੇ ਬਚੇ
ਜਾ ਤੇ ਛੂਟਿ ਗਯੋ ਭ੍ਰਮ ਉਰਕਾ
ਤਿਹ ਆਗੈ ਹਿੰਦੂ ਕਿਆ ਤੁਰਕਾ

ਇਕ ਤਸਬੀ ਇਕ ਮਾਲਾ ਧਰਹੀ
ਏਕ ਕੁਰਾਨ ਪੁਰਾਨ ਉਚਰਹੀ
ਕਰਤ ਬਿਰੁਧ ਗਏ ਮਰ ਮੂੜਾ
ਪ੍ਰਭ ਕੋ ਰੰਗੁ ਨ ਲਾਗਾ ਗੂੜਾ

ਜੋ ਜੋ ਰੰਗ ਏਕ ਕੇ ਰਾਚੇ
ਤੇ ਤੇ ਲੋਕ ਲਾਜ ਤਜਿ ਨਾਚੇ
ਆਦਿ ਪੁਰਖ ਜਿਨ ਏਕੁ ਪਛਾਨਾ
ਦੁਤੀਆ ਭਾਵ ਨ ਮਨ ਮਹਿ ਆਨਾ

□ ਗੁਰੂ ਗੋਬਿੰਦ ਸਿੰਘ

Sri Satguru Jagjit Singh Ji eLibrary NamdhariElibrary@gmail.com

https://archive.org/details/namdhari



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


# RAJPAL





**MIXERS**
**&**
**VIBRATORS**





## BALWANT SINGH & SONS

WH. 14, SATGURU RAM SINGH MARG,
MAYAPURI PHASE - 1 NEW DELHI - 110064
PH : FAC : 5401973,5435059 RESI : 536093




Sri Satguru Jagjit Singh Ji eLibrary NamdhariElibrary@gmail.com

ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

ਨਾਮਧਾਰੀ ਬ੍ਰਦਰਜ਼, ਡਾਲਟਨ ਗੰਜ (ਬਿਹਾਰ)

**Namdhari Brothers**

DALTON GANJ (Bihar)

Prop. : S. AJIT SINGH NAMDHARI

**GOLD STAR**

HOME ELECTRICAL APPLIANCES

SUPERB TECHNOLOGY
STAR PERFORMANCE



Sole Distributors :

TELEVISION SERVICE CENTRE (REGD.)

23, Beadonpura, Karol Bagh, NEW DELHI-110005

Phones : Service Centre : 5712477
Show Room : 5727552
Gold Star : 7227095

Telex : 31-79088 IEC IN
Grams : HOUSE QUEEN

ALWAYS INSIST UPON **MEX**



SWITCHGEARS &
MOTOR STARTERS
FOR PERFECT AND
TROUBLE-FREE
PERFORMANCE



MEX SWITCHGEARS PVT. LTD
REGD OFFICE 9TH KILOMETER, PATHANKOT ROAD, JALANDHAR.
PHONES 72116, 76572 72118

Sri Satguru Jagjit Singh Ji eLibrary NamdhariElibrary@gmail.com

https://archive.org/details/namdhari


JANTA
HYDRAULIC PRESSES



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING



੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

Manufacturers of:




* SONY
* EAGLE
* VIZLA

PRESSURE COOKERS

Phone: 5417155

N.J. INDUSTRIES
F-99, Bali Nagar, New Delhi-110015

*Narender Singh* Prop.



GOLD MEDAL WINNER (1982-1983)

JAYSON® ELECTRIC MOTORS
FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P. to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications







ONE YEAR GUARANTEE AGAINST ALL MANUFACTURING DEFECTS

Manufactured by:
Jayson Electric Co. (Regd.)
WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634




Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਪ੍ਰਤੀਕਰਮ

ਜੂਨ ਅੰਕ ਵਿਚ ਸੁਰਜੀਤ ਖੁਰਸ਼ੀਦੀ ਦੀ ਅਨੁਵਾਦ ਕੀਤੀ ਹੋਈ ਪਸ਼ੂ ਭਾਸ਼ਾ ਪਾਕਿਸਤਾਨੀ ਕਹਾਣੀ ਬਹੁਤ ਪਸੰਦ ਆਈ। ਖੁਰਸ਼ੀਦੀ ਜੀ ਦੀਆਂ ਅਨੁਵਾਦ ਕੀਤੀਆਂ ਕਹਾਣੀਆਂ ਮੈਂ ਸਭ ਤੋਂ ਪਹਿਲੇ ਪੜ੍ਹਦਾ ਹਾਂ। ਉੱਚ ਪਾਏ ਦੀਆਂ ਹੁੰਦੀਆਂ ਹਨ। ਖੁਰਸ਼ੀਦੀ ਤੁਹਾਡੇ ਰਸਾਲੇ ਦੀ ਬਹੁਤ ਸੇਵਾ ਕਰ ਰਿਹਾ ਹੈ।

ਪਿਆਰਾ ਸਿੰਘ ਦਾਤਾ ਦਾ ਵਿਅੰਗ ਲੇਖ 'ਅਭਿਨੰਦਨ ਗ੍ਰੰਥ ਦੀ ਪ੍ਰਾਪਤੀ' ਬਹੁਤ ਪਸੰਦ ਆਇਆ। ਚੱਕਰ-ਵਰਤੀ ਅਭਿਨੰਦਨ ਬਾਰੇ ਇਤਨਾ ਪਾਖੰਡ ਕੀਤਾ ਗਿਆ। ਮੈਨੂੰ ਬਹੁਤ ਹੀ ਅਫਸੋਸ ਹੋਇਆ। ਚੱਕਰਵਰਤੀ ਜੀ ਨੂੰ ਇਨਾਮ ਦੇਣ ਵਾਲਿਆਂ ਨੂੰ ਸ਼ਰਮ ਨਾਲ ਡੁੱਬ ਮਰਨਾ ਚਾਹੀਦਾ ਸੀ। ਚੜ੍ਹਾਵਾ ਕਵਿਤਾ ਵੀ ਬਹੁਤ ਚੰਗੀ ਲਗੀ।

**ਹਵਾਲਦਾਰ ਦਰਸ਼ਨ ਸਿੰਘ**
ਜਲੰਧਰ।

ਜੂਨ ਦੇ ਮਹੀਨੇ ਦਾ ਅੰਕ ਪੜ੍ਹਿਆ। ਉਸ ਵਿਚ ਸ. ਪਿਆਰਾ ਸਿੰਘ ਦਾਤਾ ਦਾ ਲਿਖਿਆ ਅਭਿਨੰਦਨ ਗ੍ਰੰਥ ਤੇ ਕਹਾਣੀ ਪਸ਼ੂ ਭਾਸ਼ਾ ਪੜ੍ਹੇ ਹਨ। ਦਾਤਾ ਜੀ ਨੇ ਅਤੇ ਖੁਰਸ਼ੀਦੀ ਜੀ ਨੇ ਬਹੁਤ ਸੋਹਣੇ ਤਰੀਕੇ ਨਾਲ ਬਿਆਨਿਆ ਹੈ। ਚੜ੍ਹਾਵਾ ਕਵਿਤਾ ਵੀ ਬਹੁਤ ਪਸੰਦ ਆਈ।

**ਤਰਸੇਮ ਸਿੰਘ ਨਾਮਧਾਰੀ**
ਲੁਧਿਆਣਾ

ਵਰਿਆਮ ਜੂਨ ੧੯੯੨ ਦਾ ਪੜ੍ਹਿਆ। ਸੁਰਜੀਤ ਖੁਰਸ਼ੀਦੀ ਦਾ ਅਨੁਵਾਦ ਪਸ਼ੂ ਭਾਸ਼ਾ ਪਾਕਿਸਤਾਨੀ ਉਰਦੂ ਕਹਾਣੀ ਜਿਸ ਸੋਚ ਨਾਲ ਮੁਹੰਮਦ ਮਨਸ਼ਾ ਯਾਦ ਨੇ ਇਹ ਕਹਾਣੀ ਲਿਖੀ ਏ, ਬਹੁਤ ਚੰਗੀ ਕਹਾਣੀ, ਆਮ ਪਾਠਕਾਂ ਦੀ ਸੋਚ ਤੋਂ ਦੂਰ ਹੈ। ਤੇ ਮਾਸ ਖਾਣ ਵਾਲਿਆਂ ਦੀ ਅਕਲ ਤੋਂ ਉਸ ਤਰ੍ਹਾਂ ਹੀ ਦੂਰ ਹੈ। ਬਾਕੀ ਮੁਸਲਮਾਨ ਕੌਮ ਲਈ ਇਸ ਤਰ੍ਹਾਂ ਦੀ ਕਹਾਣੀ ਲਿਖਣਾ ਵਰਜਤ ਹੈ। ਪਰ ਮਨਸ਼ਾ ਯਾਦ ਨੇ ਜੁਰਤ ਕਰ ਦਿੱਤੀ। ਇਸ ਤਰ੍ਹਾਂ ਦੀ ਕਹਾਣੀ ਲਿਖਣ ਦੀ।

ਕਿਉਂਕਿ ਸਾਡੇ ਧਰਮਾਂ ਵਿਚ ਮਾਸ ਖਾਣ ਦੀ ਪਾਬੰਦੀ ਹੈ। ਪਰ ਮੁਸਲਮਾਨ ਧਰਮ ਵਿਚ ਕਿਤੇ ਵੀ ਮਾਸ ਖਾਣ ਤੇ ਪਾਬੰਦੀ ਨਹੀਂ ਲਾਈ ਹੋਈ। ਉਹ ਲੋਕ ਤਾਂ ਧਰਮ ਨੂੰ ਖੁਸ਼ ਕਰਨ ਵਾਸਤੇ ਬਕਰੀਦ ਦਾ ਦਿਨ ਮਨਾਉਂਦੇ ਹਨ ਤੇ ਹਜ਼ਾਰਾਂ ਬੱਕਰਿਆਂ, ਛਤਰਿਆਂ ਤੇ ਭੇਡਾਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਹਨ। ਹਿੰਦੂ ਧਰਮ ਵਿਚ ਕਲਕੱਤੇ ਕਾਲੀ ਮਾਤਾ ਦਾ ਮੰਦਰ ਹੈ। ਉਥੇ ਵਡੇ ਵਡੇ ਪੜ੍ਹੇ-ਲਿਖੇ ਅਫ਼ਸਰ ਆਪਣੀਆਂ ਮੰਨਤਾਂ ਮਨਾਉਣ ਲਈ ਬੱਕਰਿਆਂ ਦੀਆਂ ਬਲੀਆਂ ਦਿੰਦੇ ਹਨ। ਜਿਸ ਦਾ ਕਾਲਾ ਬੱਕਰਾ ਹੋਵੇ ਉਸ ਦੀ ਸਭ ਤੋਂ ਚੰਗੀ ਮੰਨਤ ਮੰਨੀ ਜਾਂਦੀ ਹੈ ਤੇ ਉਹ ਸੈਂਕੜੇ ਬੱਕਰੇ ਖਾਧੇ ਹੀ ਜਾਂਦੇ ਹਨ। ਉਹਨਾਂ ਨੂੰ ਦਰਿਆ ਬੁਰਦ ਤਾਂ ਕੀਤਾ ਨਹੀਂ ਜਾਂਦਾ। ਇਸ ਕਰਕੇ ਧਰਮ ਨੂੰ ਖੁਸ਼ ਕਰਨ ਵਾਸਤੇ ਹਰ ਤਰ੍ਹਾਂ ਦਾ ਪਾਪ ਕੀਤਾ ਜਾਂਦਾ ਹੈ। ਜਿਸ ਨੂੰ ਕੋਮਲ ਮਨ ਤੇ ਸੂਝ ਬੁੱਧੀ ਵਾਲਾ ਮਨੁੱਖ ਪਾਪ ਸਮਝਦਾ ਹੈ। ਬਾਕੀ ਕਿਸੇ ਲਈ ਕੋਈ ਪਾਪ ਨਹੀਂ।

ਦੂਜਾ ਲੇਖ ਪਿਆਰਾ ਸਿੰਘ ਦਾਤਾ ਦਾ ਅਭਿਨੰਦਨ ਗ੍ਰੰਥ ਦੀ ਪ੍ਰਾਪਤੀ ਬਾਰੇ ਬਹੁਤ ਸੋਹਣਾ ਲਿਖਿਆ ਏ। ਕਿਉਂਕਿ ਸੰਤ ਇੰਦਰ ਸਿੰਘ ਚੱਕਰਵਰਤੀ ਵਰਗੇ ਮਨੁੱਖ ਨਾਲ ਇਸ ਤਰ੍ਹਾਂ ਸਾਹਿਤ ਸਭਾ ਕਰ ਸਕਦੀ ਏ। ਫੇਰ ਮਨਿਸਟਰ ਦੀ ਹਾਜ਼ਰੀ ਵਿਚ ਤਾਂ ਬਾਕੀ ਦੇ ਬੰਦੇ ਕਿਥੇ ਰਹੇ। ਇਸ ਤਰ੍ਹਾਂ ਹੀ ਜੇਕਰ ਪਿਆਰਾ ਸਿੰਘ ਦਾਤਾ ਵਰਗੇ ਮਨੁੱਖ ਨਾਲ ਭਾਸ਼ਾ ਵਿਭਾਗ ਕਰ ਸਕਦਾ ਏ ਕਿ ਸਪੈਸ਼ਲ ਕਿਤਾਬ ਲਿਖਵਾ ਕੇ ਇਨਾਮ ਕਿਸੇ ਹੋਰ ਨੂੰ ਦੇ ਦਿੱਤਾ ਜਾਂਦਾ ਹੈ ਤਾਂ ਬਾਕੀ ਦੇ ਸਾਹਿਤਕਾਰ ਕੀ ਹਨ। ਇਸ ਲੇਖ ਵਿਚੋਂ ਚਕਰ-ਵਰਤੀ ਜੀ ਦੇ ਸੁਭਾ ਦਾ ਪਤਾ ਲਗ ਗਿਆ ਏ ਤੇ ਪੜ੍ਹ ਲਿਆ ਏ। ਇਸ ਲੇਖ ਨੇ ਚੱਕਰਵਰਤੀ ਜੀ ਦੀਆਂ ਕਿਤਾਬਾਂ ਪੜ੍ਹਨ ਦਾ ਉਤਸ਼ਾਹ ਪੈਦਾ ਕਰ ਦਿੱਤਾ ਏ।

ਪਤਰਕਾਰ ਸਰਵਣ ਨਾਲ ਇਕ ਮਿਲਣੀ ਵਿਚ ਹਰਭਜਨ ਬਾਜਵੇ ਦਾ ਨਾਂ ਪੜ੍ਹਿਆ ਏ। ਪਰ ਤਸਵੀਰ ਬਾਜਵੇ ਦੀ ਕਿਤੇ ਵੀ ਨਹੀਂ ਲੱਭਦੀ। ਮੈਂ ਬੜਾ ਚਿਰ ਤਸਵੀਰ ਵਿਚੋਂ ਆਪਦੀ ਸ਼ਕਲ ਲੱਭਦਾ ਰਿਹਾਂ।

ਬੰਨੋਆਣਾ ਜੀ ਨੇ ਬੋਲੀਆਂ ਦੀ ਸਮੱਸਿਆ ਬਾਰੇ ਲਿਖਿਆ ਏ। ਸਾਰੀਆਂ ਬੋਲੀਆਂ ਦੀ ਸਮੱਸਿਆ ਦੂਰ ਹੋ ਸਕਦੀ ਏ ਜਾਂ ਹੋ ਗਈ ਏ ਪਰ ਪੰਜਾਬੀ ਬੋਲੀ ਦੀ ਸਮੱਸਿਆ ਹੱਲ ਨਹੀਂ ਹੋ ਸਕਦੀ। ਇਸ ਨੂੰ ਬੋਲਣ ਵਾਲੇ ਬਹੁਤੇ ਫਿਰਕਿਆਂ ਦੇ ਹਨ। ਇਸ ਕਰਕੇ ਇਹ ਬੋਲੀ ਵੰਡੀ ਹੋਈ ਹੈ। ਜਿਸ ਕਰਕੇ ਇਸਦੀ ਸਮੱਸਿਆ ਹੱਲ ਨਹੀਂ ਹੁੰਦੀ। ਸਾਹਿਤਕਾਰ ਵੀ ਜ਼ੋਰ ਲਾ ਲੈਣ ਤੇ ਸਰਕਾਰ ਵੀ ਜ਼ੋਰ ਲਾ ਲਵੇ। ਪਾੜ੍ਹਛਾ ਉਥੇ ਹੀ ਰਵੇਗਾ।

ਜਗਦੀਸ਼ ਸਿੰਘ ਜੀਓ, ਵਰਿਆਮ ਵਿਚ ਚੰਗੀਆਂ ਕਹਾਣੀਆਂ ਤੇ ਲੇਖ ਆਉਣੇ ਚਾਹੀਦੇ ਹਨ। ਕਿਸੇ ਦੀ ਖਿੱਚ ਧੂਹ ਵੀ ਹੋ ਜਾਵੇ ਤਾਂ ਕੋਈ ਗੱਲ ਨਹੀਂ।

**ਹਰਭਜਨ ਸਿੰਘ ਬਾਜਵਾ**
ਬਟਾਲਾ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ

ਜੁਲਾਈ—੧੯੯੨ ਜਿਲਦ—੧੭ ਅੰਕ—੯

## ਤਤਕਰਾ

ਪ੍ਰਤੀਕਰਮ ੩

ਸ. ਰਾਜਿੰਦਰ ਸਿੰਘ ਦੀ ਯਾਦ ਵਿਚ ੫
—ਜਗਦੀਸ਼ ਸਿੰਘ

ਇਕ ਕੌਸ਼ ਦਾ ਜਨਮ (੫) ੭
—ਸੁਰਜੀਤ ਖੁਰਸ਼ੀਦੀ

ਮਨ ਦੀ ਗੁਫ਼ਾ—ਤਰਲੋਕ ਮਨਸੂਰ ੧੧

ਮੈਂ ਬਹੁਤ ਡਰ ਗਿਆ ਹਾਂ—ਹਰਵਿੰਦਰ ਰਿਆੜ ੧੧

ਪੂਰਾ ਸਤਿਗੁਰ ਭੇਟਿਐ—ਸੰਤ ਸਿੰਘ ੧੩

ਨਾਮਧਾਰੀ ਵਿਦਿਅਕ ਸੰਮੇਲਨ ਦਿੱਲੀ...... ੨੨

### ਵਰਿਆਮ ਦੇ ਦਰ

| | |
|---|---|
| ਇਕ ਪ੍ਰਤੀ | ੫.੦੦ ਰੁਪਏ |
| ਸਾਲਾਨਾ ਚੰਦਾ | ੫੦.੦੦ ,, |
| ਤਿੰਨ ਸਾਲ ਵਾਸਤੇ | ੧੩੦.੦੦ ,, |
| ਚਾਰ ਸਾਲ ਵਾਸਤੇ | ੧੭੦.੦੦ ,, |
| ਪੰਜ ਸਾਲ ਵਾਸਤੇ | ੨੦੦.੦੦ ,, |
| ਉਮਰ ਭਰ ਵਾਸਤੇ | ੫੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੫੦੦.੦੦ |

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੜੇ ਮਦਨ ਫਲੋਰ ਮਿਲ)
ਜਲੰਧਰ ੧੪੪੦੦੧

Office Address
Monthly WARIAM
(Punjabi)
Ladowali Road,
(Near Madan Flour Mill
Jalandhar-144001

ਫੋਨ : ਦਫਤਰ : ੨ ੨ ੨ ੫ ੪ ੩
ਘਰ : ੫ ੬ ੨ ੮ ੯

# ਰੁਕਦੇ ਰੁਕਦੇ

ਅਖਬਾਰਾਂ ਵਿਚ ਇਕ ਸੁਰਖੀ ਹੁੰਦੀ ਹੈ ਛਪਤੇ ਛਪਤੇ। ਉਸ ਦਾ ਭਾਵ ਹੁੰਦਾ ਹੈ ਕਿ ਅਖਬਾਰ ਪਹਿਲਾਂ ਛਪ ਰਹੀ ਹੈ। ਇਹ ਖਬਰ ਛਪਦਿਆਂ-ਛਪਦਿਆਂ ਹੀ ਛਾਪੀ ਜਾ ਰਹੀ ਹੈ। ਅਸੀਂ ਰੁਕਦੇ ਰੁਕਦੇ ਅੰਕ ਛਾਪਣੋ ਰੁਕੇ ਨਹੀਂ। ਇਸ ਤਰ੍ਹਾਂ ਇਹ ਅੰਕ ਰੁਕਦੇ ਰੁਕਦੇ ਛੱਪ ਗਿਆ ਹੈ। ਜਿਸ ਜੁਗਤ ਨਾਲ ਅਸੀਂ ਵਰਿਆਮ ਦੀ ਲਗਾਤਾਰਤਾ ਕਾਇਮ ਰੱਖ ਰਹੇ ਸਾਂ ਉਹ ਜੁਗਤ ਕਾਫੀ ਸਮੇਂ ਤੋਂ ਗੜਬੜਾ ਗਈ ਸੀ। ਹਥਲਾ ਅੰਕ ਅਗੇ ਹੀ ਲੇਟ ਹੁੰਦਾ ਹੁੰਦਾ ਬਸ ਰੁਕ ਹੀ ਗਿਆ ਸੀ। ਜੇ ਇਹ ਕਿਸੇ ਵੀ ਰੂਪ ਵਿਚ ਕਿਸੇ ਵੀ ਆਕਾਰ ਵਿਚ ਪਾਠਕਾਂ ਦੇ ਹੱਥਾਂ ਵਿਚ ਹੈ ਤਾਂ ਆਸ ਬੱਝਦੀ ਹੈ ਕਿ ਇਹ ਰੁਕਦਾ-ਰੁਕਦਾ ਆਖਰ ਛਪਦਾ ਹੀ ਰਹੇ ਗਾ।

ਸਾਡਾ ਦੇਸ਼ ਚਲਦਾ ਚਲਦਾ ਜਾਪਦਾ ਹੈ ਰੁਕਣ ਵਲ ਵਧ ਰਿਹਾ ਹੈ। ਖੂਨ ਖਰਾਬੇ ਤੋਂ ਅਰਾਜਕਤਾ ਵਲ। ਇਥੇ ਹਿੰਸਾ ਹੈ, ਸਿਆਸਤ ਹੈ, ਲੀਡਰ ਹਨ, ਕਾਨੂੰਨ ਹੈ, ਕਾਨੂੰਨ ਲਾਗੂ ਕਰਨ ਵਾਲੇ ਹਨ, ਦੇਸ਼ ਭਗਤ ਹਨ, ਹਿਸਾਬ ਕਿਤਾਬ ਗਿਣਤੀਆਂ ਮਿਣਤੀਆਂ ਹਨ, ਭਵਿਖਬਾਣੀਆਂ ਕਰਨ ਵਾਲੇ ਲੇਖਕ ਹਨ, ਬੁੱਧੀਜੀਵੀ ਹਨ, ਦੂਰਦਰਸ਼ਨ ਹੈ ਅਕਾਸ਼ਬਾਣੀ ਹੈ, ਗੁਰਦੁਆਰੇ, ਮੰਦਰ ਤੇ ਮਸੀਤਾਂ ਹਨ ਅਤੇ ਇਹਨਾਂ ਉਤੇ ਲਗੇ ਲਾਊਡ ਸਪੀਕਰ ਵੀ ਹਨ ਫਿਰ ਵੀ ਅਰਾਜਕਤਾ ਆ ਰਹੀ ਹੈ।

ਮਾੜੀ ਗੱਲ ਤਾਂ ਨਹੀਂ ਜੇ ਕੁਝ ਦੇਰ ਚੁੱਪ ਦਾ ਦਾਨ ਕੌਮ ਨੂੰ ਬਖਸ਼ਿਆ ਜਾਵੇ। ਖਾਮੋਸ਼ੀ ਅੰਦਰ ਪਰਮਾਤਮਾ ਨਾਲ ਆਤਮਾ ਨੂੰ ਜੋੜਿਆ ਜਾਵੇ। ਆਤਮਾ ਤੋਂ ਆਤਮਾ ਦੀ ਆਵਾਜ਼ ਸੁਣੀ ਜਾਵੇ, ਖਿਮਾ, ਅਹਿੰਸਾ ਅਤੇ ਦਇਆ ਦਾ ਪਲਾ ਫੜਿਆ ਜਾਵੇ।

ਸਾਡੇ ਪੁਰਖਿਆਂ ਨੇ ਇਕੋ ਦੇ ਰੰਗ ਵਿਚ ਰਚਨ ਦੀ ਗੱਲ ਕਹੀ ਸੀ। ਮਸਜਿਦ ਮੰਦਰ ਤੋੜ ਕੇ ਵੀ ਦਿਲ ਨਾ ਤੋੜਣ ਦੀ ਗੱਲ ਕਹੀ ਸੀ। ਸ਼ਾਇਰ ਅਕਬਰ ਇਲਾਹਬਾਦੀ ਨੇ ਸੰਖ ਦੀ ਆਵਾਜ਼ ਤੇ ਮਸਜਿਦ ਵਿਚ ਨੱਚਣ ਦਾ ਐਲਾਨ ਕੀਤਾ ਸੀ।

ਆਤਾ ਹੈ ਵਜਦ ਮੁਝ ਕੋ ਹਰ ਦੀਨ ਕੀ ਅਦਾ ਪਰ।
ਮਸਜਿਦ ਮੇਂ ਨਾਚਤਾ ਹੂੰ ਨਾਕੂਸ ਕੀ ਸਦਾ ਪਰ।

ਕੁਝ ਚਿਰ ਚੁੱਪ ਕਰਕੇ ਆਤਮਾ ਦੀ ਆਵਾਜ਼ ਹੀ ਸੁਣ ਲਈਏ।

—ਜਗਦੀਸ਼ ਸਿੰਘ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਰਾਜਿੰਦਰ ਸਿੰਘ ਜੀ ਦੀ ਯਾਦ ਵਿਚ

ਰਾਜਿੰਦਰ ਸਿੰਘ ਜੀ ਚਲੇ ਗਏ। ਹਸੰਦਿਆਂ, ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਜੀਵਨ ਯਾਤਰਾ ਸੰਪੂਰਨ ਕਰ ਗਏ। ਕਿਸੇ ਨੂੰ ਇਹ ਝਾਉਲਾ ਵੀ ਨਹੀਂ ਸੀ ਕਿ ਆਪਣੀ ਜੀਵਨ ਯਾਤਰਾ ਦੇ ਅੰਤਮ ਪੜਾਅ ਤੇ ਹਨ। ਦਿੱਲੀ ਦੇ ਵਿਦਿਅਕ ਸੰਮੇਲਨ ਤੇ ਉਹਨਾਂ ਇਕ ਲੰਮਾ ਪਰਚਾ ਪੜ੍ਹਿਆ ਸੀ। ਨਿਰਸੰਦੇਹ ਉਹਨੂੰ ਲਿਖਣ ਵਿਚ ਬਹੁਤ ਮਿਹਨਤ ਕੀਤੀ ਹੋਈ ਸੀ। ਉਸ ਲੇਖ ਦਾ ਬਹੁਤ ਚਰਚਾ ਸੀ। ਇਹ ਉਹਨਾਂ ਦੀ ਸਰੀਰਕ ਤੇ ਚੇਤਨਾ ਸ਼ਕਤੀ ਦਾ ਸੰਜੀਵ ਸਬੂਤ ਸੀ।

ਤੇ ਫੇਰ ਇਕ ਲੰਮੀ ਚੁੱਪ ਨੂੰ ਰੋਪੜ ਤੋਂ ਆਏ ਇਕ ਟੈਲੀਫੋਨ ਨੇ ਤੋੜਿਆ। ਪੰਡਿਤ ਰਾਜਿੰਦਰ ਸਿੰਘ ਜੀ ਨੂੰ ਚੜ੍ਹਾਈ ਕੀਤਿਆਂ ਤਾਂ ਕਿੰਨੇ ਦਿਨ ਹੀ ਹੋ ਗਏ ਨੇ। ਦਿਲ ਫੜ ਕੇ ਬੈਠ ਗਏ ਇਹ ਕੀ ਹੋਇਆ ਕਿਉਂ ਤੇ ਕਿਵੇਂ? ਜੀ ਉਹ ਤਾਂ ਥਾਈਲੈਂਡ ਯਾਤਰਾ ਤੇ ਗਏ ਸੀ ਸਤਿਗੁਰਾਂ ਦੇ ਨਾਲ। ਉਥੇ ਹੀ ਸਵਾਸ ਪੂਰੇ ਹੋ ਗਏ। ਸੁਣ ਕੇ ਬਹੁਤ ਦੁਖ ਹੋਇਆ।

ਜਦੋਂ ਸਤਿਗੁਰੂ ਜੀ ਕੋਲ ਸੰਵੇਦਨਾ ਪ੍ਰਗਟ ਕਰਨ ਵਾਸਤੇ ਦਰਸ਼ਨਾਂ ਨੂੰ ਗਿਆ ਤਾਂ ਅਗੇ ਕਾਰ ਤਿਆਰ ਖੜੀ ਸੀ ਪੰਡਿਤ ਰਾਜਿੰਦਰ ਸਿੰਘ ਦੇ ਪਿੰਡ ਜਾਣ ਵਾਸਤੇ। ਅਗਲੇ ਦਿਨ ਉਹਨਾਂ ਨਮਿਤ ਭੋਗ ਸੀ। ਰਸਤੇ ਵਿਚ ਸੰਤ ਹਰਬੰਸ ਸਿੰਘ ਰਾਗੀ ਦਸ ਰਹੇ ਸਨ ਸ. ਰਾਜਿੰਦਰ ਸਿੰਘ ਜੀ ਦੀ ਜ਼ਮੀਨ ਬਾਰੇ ਉਹਨਾਂ ਦੇ ਲਾਏ ਬਾਗਾਂ ਅਤੇ ਪਰਿਵਾਰ ਬਾਰੇ ਤੇ ਏਧਰ ਮਨ ਵਿਚ ਵਾਰਸ ਸ਼ਾਹ ਦਾ ਕਥਨ ਘੁੰਮ ਰਿਹਾ ਸੀ।

ਜਿਹੜੇ ਪੀਰ ਦੀ ਨਜ਼ਰ ਮਨਜ਼ੂਰ ਹੋਏ
ਘਰ ਤਿਨ੍ਹਾਂ ਦੇ ਮੀਰੀਆਂ ਪੀਰੀਆਂ ਨੀ।
ਰੋਜ਼ ਹਸ਼ਰ ਦੇ ਪੀਰ ਦੇ ਤਾਲਬਾਂ ਨੂੰ,
ਹੱਥ ਸਜੜੇ ਮਿਲਣਗੀਆਂ ਚੀਰੀਆਂ ਨੀ।

ਨਿਰਸੰਦੇਹ ਰਾਜਿੰਦਰ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨੂਰੇ-ਨਜ਼ਰ ਸਨ। ਅਸੀਮ ਕ੍ਰਿਪਾ ਦੇ ਪਾਤਰ। ਉਹਨਾਂ ਦਾ ਦੁਨਿਆਵੀ ਰਿਸ਼ਤਾ ਵੀ ਨੇੜਲਾ ਸੀ। ਮਾਮਾ ਜੀ ਦੇ ਪੁੱਤਰ। ਪਰ ਦੁਨਿਆਵੀ ਰਿਸ਼ਤਿਆਂ ਨਾਲ ਤਾਂ ਦੁਨੀਆ ਭਰੀ ਪਈ ਹੈ। ਇਕੋ ਇਕ ਰਾਜਿੰਦਰ ਸਿੰਘ ਜੀ ਹੀ ਕਿਉਂ ਸਨ ਜਿਨ੍ਹਾਂ ਨੂੰ ਸਤਿਗੁਰੂ ਜੀ ਦੇ ਗੋਡੇ ਮੁੱਢ ਬੈਠਣ ਦਾ ਅਵਸਰ ਮਿਲਦਾ ਸੀ। ਉਹਨਾਂ ਨੂੰ ਨਾਲ ਲੈ ਕੇ ਕਦੀ ਪਹਾੜਾਂ ਨੂੰ ਜਾਂਦੇ ਤੇ ਕਦੇ ਮਾਰੂਥਲਾਂ ਨੂੰ। ਦਰਅਸਲ ਉਹ ਸਤਿਗੁਰੂ ਜੀ ਨੂੰ ਨਾ ਤਾਂ ਭਰਾ ਸਮਝਦੇ ਸਨ ਨਾ ਬਾਲ ਸਖਾਈ



ਸਗੋਂ ਸਤਿਗੁਰੂ ਰੂਪ ਹੀ ਜਾਣਦੇ ਸਨ। ਉਹਨਾਂ ਦੀ ਇਹ ਪ੍ਰੇਮਾ ਭਗਤੀ ਹੀ ਉਹਨਾਂ ਦੇ ਮੋਹ ਦੀ ਮਜ਼ਬੂਤ ਤੰਦ ਸੀ। ਇਕ ਮਿਸਾਲੀ ਪਿਆਰ ਦੀ ਨਿਸ਼ਾਨੀ। ਉਹਨਾਂ ਦੀ ਸ਼ਖਸੀਅਤ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰਤਾਪੀ ਪ੍ਰਤਿਭਾ ਦਾ ਨੂਰ, ਸ੍ਰੀ ਭੈਣੀ ਸਾਹਿਬ ਦੇ ਪੁਰਾਣੇ ਵਿਦਿਆਰਥੀਆਂ ਦਾ ਅਨੁਸ਼ਾਸਨ, ਸਾਹਿਤ, ਸੰਗੀਤ ਅਤੇ ਕਿਰਸਾਣੀ ਦੀ ਸੁਗੰਧ ਸਮੀਰ ਅਤੇ ਸਤਿਗੁਰੂ ਜੀ ਦਾ ਰੂਹਾਨੀ ਪ੍ਰੇਮ ਸਭ ਕੁਝ ਸ਼ਾਮਲ ਸੀ।

ਉਹਨਾਂ ਦੇ ਲਿਖੇ ਮਜ਼ਮੂਨ ਡੂੰਘੇ ਅਧਿਐਨ ਅਤੇ ਭਾਰੀ ਮਿਹਨਤ ਦੇ ਸੂਚਕ ਹੁੰਦੇ। ਉਹ ਤੜਕੇ ਉਠ ਕੇ ਨਿਤ-ਨੇਮ ਵੀ ਕਰਦੇ, ਜੋਗਾ ਅਭਿਆਸ ਵੀ ਕਰਦੇ ਅਤੇ ਬੀ. ਬੀ. ਸੀ. ਤੋਂ ਖਬਰਾਂ ਵੀ ਸੁਣਦੇ। ਉਹਨਾਂ ਦੇ ਸੰਪਾਦਕੀ ਕਾਲ ਵਿਚ ਸਤਿਜੁਗ ਅਖਬਾਰ ਦੀ ਨਿਰਾਲੀ ਸ਼ਾਨ ਸੀ।

ਸਤਿਗੁਰੂ ਜੀ ਉਹਨਾਂ ਨੂੰ ਥਾਈਲੈਂਡ ਲੈ ਗਏ। ਥਾਈਲੈਂਡ ਵਿਚ ਜਿਸ ਮਸ਼ਹੂਰ ਨਾਮਧਾਰੀ ਡਾਕਟਰ ਨੇ ਸਤਿਗੁਰੂ ਜੀ ਦੇ ਹਿਰਦੇ ਦਾ ਇਲਾਜ ਕੀਤਾ ਸੀ ਉਸ ਪਾਸੋਂ ਰਾਜਿੰਦਰ ਸਿੰਘ ਜੀ ਦਾ ਮੁਆਇਨਾ ਕਰਾਉਣਾ ਸੀ ਪਰ ਡਾਕਟਰ ਦੇ ਮੇਜ਼ ਤੇ ਜਾਣ ਤੋਂ ਪਹਿਲਾਂ ਹੀ ਸਹਿਜ ਸੁਭਾਅ ਹੀ 'ਜੋ ਅਨਰੂਪਿਓ ਠਾਕੁਰਿ ਮੇਰੈ, ਹੋਇ ਰਹੀ ਉਹ ਬਾਤ'। ਉਹ ਚੁੱਪ ਚਾਪ ਦਰਗਾਹੀ ਸੱਦੇ ਤੇ ਨਿਜ ਧਾਮ ਨੂੰ ਚਲੇ

Sri Satguru Jagjit Singh Ji eLibrary NamdhariElibrary@gmail.com

ਗਏ । ਉਹ ਆਪਣੇ ਨਾਲ ਕਈਆਂ ਦਾ ਜਨਮ ਸਵਾਰ ਕੇ ਗਏ ਹਨ । ਉਹਨਾਂ ਤਾਂ ਇਥੇ ਵੀ ਸੱਚੀ ਦਰਗਾਹ ਦਾ ਸੱਚਾ ਪਿੜ ਮਲਿਆ ਹੋਇਆ ਸੀ ਅਤੇ ਅਗੇ ਵੀ ਉਹਨਾਂ ਨੂੰ ਸੁਆਗਤ ਹੀ ਉਡੀਕ ਰਿਹਾ ਸੀ ।

ਪੰਡਿਤ ਰਾਜਿੰਦਰ ਸਿੰਘ ਜੀ ਨੂੰ ਇਕ ਲਿਲ੍ਹ ਸੀ, ਇਕ ਸਿੱਕ ਸੀ ਕਿ ਨਾਮਧਾਰੀਆਂ ਦਾ ਇਕ ਅਤਿ ਆਧੁਨਿਕ ਮਜ਼ਬੂਤ ਪ੍ਰੈਸ ਹੋਵੇ। ਇਸ ਮੰਤਵ ਲਈ ਉਹ ਸਰਵੇ ਕਰਦੇ ਸਕੀਮਾਂ ਉਲੀਕਦੇ, ਬਜਟ ਬਨਾਉਂਦੇ ਤੇ ਜਦੋ ਜਹਿਦ ਕਰਦੇ । ਸਤਿਗੁਰੂ ਪ੍ਰਤਾਪ ਸਿੰਘ ਅਵਤਾਰ ਸ਼ਤਾਬਦੀ ਦੇ ਉਦਘਾਟਨੀ ਸਮਾਰੋਹ ੨੩-੩-੯੯ ਵਿਚ ਉਹਨਾਂ ਦੀ ਤਕਰੀਰ ਸ਼ੁਰੂ ਹੀ ਇਸ ਗਲ ਤੋਂ ਹੋਈ—

"ਭੁੱਖੇ ਨੂੰ ਬਾਤ ਪਾਈ ਰੋਟੀ । ਅੰਨ੍ਹੇ ਨੂੰ ਬਾਤ ਪਾਈ ਸੋਟੀ ।

ਸਾਡੀ ਤਾਂ ਬਾਤ ਕੇਵਲ ਇਕੋ ਹੈ ।

ਪ੍ਰੈਸ"

ਸ਼ਖਸੀਅਤਾਂ ਆਪਣਾ ਖਿਲਾਅ ਛਡਦੀਆਂ ਹਨ । ਉਹਨਾਂ ਦੇ ਵਿਗੋਚੇ ਵੀ ਹੁੰਦੇ ਹਨ । ਨਾਮਧਾਰੀ ਪੰਥ ਨੂੰ ਵਿਗੋਚਾ ਹੋਇਆ ਹੈ, ਪਰਿਵਾਰ ਨੂੰ ਹੋਇਆ ਹੈ । ਸਤਿਗੁਰੂ ਜੀ ਨੇ ਉਹਨਾਂ ਦੇ ਪਿੰਡ ਜਾ ਕੇ ਆਪਣਾ ਪਾਵਨ ਹਸਤ ਪਰਿਵਾਰ ਦੇ ਸਿਰ ਤੇ ਰਖਿਆ ਹੈ । ਸ਼ਹਿਦ ਮਿੱਠੇ ਬਚਨਾਂ ਨਾਲ ਸਾਂਤਵਣਾਂ ਦਿਤੀ ਅਤੇ ਦੁਖੀ ਹਿਰਦਿਆਂ ਵਿਚ ਸ਼ਾਂਤੀ ਵਰਤਾ ਦਿਤੀ । ਸਾਧ ਸੰਗਤ ਅਤੇ ਇਲਾਕੇ ਦੀ ਲੋਕਾਈ ਧੰਨ ਧੰਨ ਹੋ ਗਈ । ਲਗਦਾ ਸੀ ਇਹਨਾਂ ਦਾ ਖਲਾਅ ਪੂਰਾ ਕਰਨ ਵਾਲਾ ਆਪ ਸਤਿਗੁਰੂ ਹੈ ।

ਇਕ ਜ਼ਬਰਦਸਤ ਵਗੋਚਾ ਅਤੇ ਖਲਾਅ 'ਵਰਿਆਮ' ਨੂੰ ਪਿਆ ਹੈ ।

ਵਰਿਆਮ ਨੂੰ ਆਪਣੇ ਪੈਰਾਂ ਤੇ ਖੜਣ, ਇਸ ਨੂੰ ਬਹੁਤ ਉਚੀ ਪੱਧਰ ਤੱਕ ਵਿਕਸਤ ਕਰਨ ਲਈ ਉਹ ਬਹੁਤ ਸੋਚਦੇ । ਲੋਕਾਂ ਨੂੰ ਮਿਲਦੇ, ਸਤਿਗੁਰੂ ਜੀ ਕੋਲ ਅਰਜ਼ਾਂ ਕਰਦੇ ਪ੍ਰੇਰਦੇ, ਤਕਰੀਰਾਂ ਕਰਕੇ ਤੇ ਚਿਠੀਆਂ ਲਿਖਦੇ ।

ਅਸੀਂ ਭਰੇ ਹੋਏ ਮਨ ਨਾਲ ਸੋਚ ਰਹੇ ਹਾਂ ।

ਹੁਣ ਵਰਿਆਮ ਦੀ ਗਲ ਕੌਣ ਕਰੇਗਾ ?

**ਜਗਦੀਸ਼ ਸਿੰਘ**

# ਰਾਜਿੰਦਰ ਸਿੰਘ ਜੀ ਗੁਰਸਰ ਨਮਿਤ ਮੇਲਾ

ਨਾਮਧਾਰੀ ਪੰਥ ਦੀ ਇਕ ਉਘੀ ਸ਼ਖਸੀਅਤ ਸ. ਰਾਜਿੰਦਰ ਸਿੰਘ ਗੁਰੂਸਰ ਦਾ ੧੧ ਜੁਲਾਈ ੧੯੯੨ ਨੂੰ ਥਾਈਲੈਂਡ ਯਾਤਰਾ ਸਮੇਂ ੭੨ ਸਾਲ ਦੀ ਆਯੂ ਵਿਚ ਦੇਹਾਂਤ ਹੋ ਗਿਆ । ਸ. ਰਾਜਿੰਦਰ ਸਿੰਘ ਜਿਥੇ ਇਕ ਕੁਸ਼ਲ ਲੇਖਕ, 'ਸਤਿਜੁਗ' ਦੇ ਸਾਬਕਾ ਸੰਪਾਦਕ, ਸੰਗੀਤਕਾਰ, ਵਕਤਾ, ਸਫਲ ਕਿਸਾਨ ਅਤੇ ਸਮਾਜਕ ਨੇਤਾ ਸਨ ਓਥੇ ਆਪ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਾਮਾ ਜੀ ਦੇ ਪੁੱਤਰ ਭਰਾ, ਬਾਲ ਸਖਾਈ ਮਿਤਰ ਅਤੇ ਜਮਾਤੀ ਵੀ ਸਨ । ਸ਼ੁੱਧ ਗੁਰਬਾਣੀ ਦੇ ਜ਼ਹੀਨ ਪਾਠੀ ਰਾਜਿੰਦਰ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਚ ਵਿਦਿਆਰਥੀਆਂ ਨੂੰ ਸੰਗੀਤ ਵੀ ਸਿਖਾਂਦੇ ਰਹੇ ਹਨ ।

ਮਲੋਟ ਲਾਗੇ ਉਹਨਾਂ ਦੇ ਜੱਦੀ ਪਿੰਡ ਗੁਰੂਸਰ (ਗੱਦਾਂ ਡੋਬ) ਵਿਚ ੨੧ ਜੁਲਾਈ ਨੂੰ ਇਕ ਭਾਰੀ ਸਮਾਗਮ ਵਿਚ ਉਹਨਾਂ ਨਮਿਤ ਪਾਠ ਦਾ ਭੋਗ ਪਾਇਆ ਗਿਆ । ਸੰਪਾਦਕ ਵਰਿਆਮ ਦੇ ਸਟੇਜ ਪ੍ਰਬੰਧ ਵਿਚ ਸੰਤ ਜੀਊਣ ਸਿੰਘ ਕਵੀਸ਼ਰ, ਜਥੇਦਾਰ ਨਰੰਜਣ ਸਿੰਘ ਕੱਕੜ ਨੇ ਦੀਵਾਨ ਸਜਾਏ । ਸ੍ਰੀ ਭੈਣੀ ਸਾਹਿਬ ਦੇ ਹਜ਼ੂਰੀ ਰਾਗੀਆਂ ਸੰਤ ਖਜ਼ਾਨ ਸਿੰਘ, ਹਰਬੰਸ ਸਿੰਘ, ਬਲਜੀਤ ਸਿੰਘ, ਸੁਖਦੇਵ ਸਿੰਘ ਹੋਰਾਂ ਵੈਰਾਗਮਈ ਕੀਰਤਨ ਕੀਤਾ । ਸੰਤ ਤਰਸੇਮ ਸਿੰਘ ਸ. ਪ੍ਰੀਤਮ ਸਿੰਘ ਕਵੀ, ਪ੍ਰਿੰ: ਅਜੀਤ ਸਿੰਘ ਚੀਮਾ ਅਤੇ ਸ. ਇੰਦਰਜੀਤ ਸਿੰਘ ਵਲੋਂ ਭਾਵ ਭਿੰਨੀਆਂ ਸ਼ਰਧਾਂਜਲੀਆਂ ਅਰਪਿਤ ਕੀਤੀਆਂ ਗਈਆਂ। ਪਿੰਡ ਨੂੰ ਮਾਡਲ ਗਰਾਮ ਬਨਾਉਣ, ਬਿਜਲੀ ਦਾ ਯੋਗ ਪਰਬੰਧ ਕਰਾਉਣ, ਹਾਈ ਸਕੂਲ ਸਥਾਪਿਤ ਕਰਾਉਣ, ਪਸ਼ੂਆਂ ਦਾ ਹਸਪਤਾਲ ਬਨਾਉਣ, ਮੋਘੇ ਬਣਵਾਉਣ ਅਤੇ ਇਲਾਕੇ ਨੂੰ ਫੁਲਾਂ ਬਾਗਾਂ ਦੀ ਧਰਤੀ ਬਣਾ ਦੇਣ ਵਿਚ ਉਹਨਾਂ ਦੀ ਅਗਵਾਈ ਨੂੰ ਯਾਦ ਕਰਦਿਆਂ ਅਤੇ ਸਾਹਿਤ ਦੇ ਖੇਤਰ ਵਿਚ ਉਹਨਾਂ ਦੇ ਯੋਗਦਾਨ ਨੂੰ ਮੁਖ ਰਖਦਿਆਂ ਪਿੰਡ ਵਲੋਂ ਸ. ਰਾਜਿੰਦਰ ਸਿੰਘ ਦੇ ਨਾਮ ਤੇ ਇਕ ਲਾਇਬ੍ਰੇਰੀ ਸਥਾਪਤ ਕਰਨ ਦਾ ਐਲਾਨ ਕੀਤਾ ਗਿਆ ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪ੍ਰਵਚਨ ਵਿਚ ਕਿਹਾ ਕਿ ਸ. ਰਾਜਿੰਦਰ ਸਿੰਘ ਵਾਂਗ ਆਪਣੇ ਜੀਵਨ ਚਰਿੱਤਰ ਨੂੰ ਉੱਚਾ ਬਣਾਇਆ ਜਾਵੇ । ਜ਼ਿੰਦਗੀ ਦਾ ਪ੍ਰਮੁਖ ਲਕਸ਼ ਨਾਮ ਜਪਣਾ ਹੈ । ਈਰਖਾ, ਵੈਰ ਵਿਰੋਧ ਤੋਂ ਬਚਿਆ ਜਾਵੇ । ਉਹਨਾਂ ਕਿਹਾ ਕਿ ਇਸ ਇਤਿਹਾਸਕ ਪਿੰਡ ਨੂੰ ਗੁਰੂਸਰ ਦੇ ਨਾਮ ਨਾਲ ਹੀ ਸਦਿਆ ਕਰੋ ।

ਸ. ਰਾਜਿੰਦਰ ਸਿੰਘ ਦੇ ਸਪੁੱਤਰਾਂ ਸ. ਲਛਮਣ ਸਿੰਘ ਸਾਬਕਾ ਸਰਪੰਚ ਅਤੇ ਪ੍ਰਿਤਪਾਲ ਸਿੰਘ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ ।

Sri Satguru Jagjit Singh Ji eLibrary NamdhariElibrary@gmail.com

# ਇਕ ਕੋਸ਼ ਦਾ ਜਨਮ-੪

□ਸੁਰਜੀਤ ਖ਼ੁਰਸ਼ੀਦੀ

ਸੰਕੇਤ—ਅ—ਅਰਬੀ ਸ਼ਬਦ
ਫ਼—ਫਾਰਸੀ ਸ਼ਬਦ
ਤੁ—ਤੁਰਕੀ ਸ਼ਬਦ
ਅਫ਼—ਅਰਬੀ ਤੋਂ ਫਾਰਸੀ ਕੀਤੇ ਸ਼ਬਦ

ਅੰਬੀਆ : (ਅ) ਨਬੀ ਦਾ ਬਹੁ ਵਚਨ। ਉਂਝ ਇਹ ਸ਼ਬਦ ਇਬਰਾਨੀ ਭਾਸ਼ਾ 'ਚੋਂ ਅਰਬੀ ਵਿਚ ਆਇਆ।

ਅਬੂਰ : (ਅ) ਪਾਰ ਕਰਨਾ/ਨਦੀ ਆਦਿ ਨੂੰ ਪਾਰ ਕਰਨਾ/ਪੁਲ ਉੱਪਰੋਂ ਲੰਘਣਾ/ਕਿਸੇ ਚੀਜ਼ ਜਾਂ ਕਾਰਜ ਵਿਚ ਮਾਹਰ ਹੋਣਾ।

ਅਮਦਨ : (ਅ) ਜਾਣ ਬੁਝ ਕੇ।

ਅਮਨ : (ਅ) ਸ਼ਾਂਤੀ/ਚੈਨ/ਆਰਾਮ/ਸੁੱਖ।

ਅਮਨ ਅਮਾਨ : (ਅ) ਸੁਖ ਚੈਨ/ਆਰਾਮ, ਹਿਫ਼ਾਜ਼ਤ/ਪਨਾਹ।

ਅਮਰ : (ਅ) ਕਾਰਜ/ਗੱਲ/ਮਾਮਲਾ।

ਅਮਰਦ ਪਰਸਤੀ : (ਅਫ਼) ਨੌਜੁਆਨ ਮੁੰਡਿਆਂ ਨਾਲ ਕੁਕਰਮ ਲਈ ਪਿਆਰ ਕਰਨਾ।

ਅਮਰੂਦ : (ਫ਼) ਇਕ ਮੇਵਾ।

ਅਮਲ : (ਅ) ਕੰਮ/ਕਾਰਜ/ਜਾਦੂ ਮੰਤਰ।" "ਅਮਲ ਜਿ ਕੀਤਿਆਂ ਦੁਨੀ ਵਿਚਿ ਸੇ ਦਰਗਾਹ ਓਗਾਹਾ।" (ਸ. ਫ਼ਰੀਦ)

ਅਮਲਾ : (ਅ) ਸਟਾਫ਼/ਕਾਰਕੁਨ/ਕਿਸੇ ਵਿਭਾਗ ਦੇ ਕਰਮਚਾਰੀ।

ਅਮਲੀ : (ਅ) ਅਮਲ ਨਾਲ ਸੰਬੰਧਤ/ਅਸੀਂ ਨਸ਼ੇ ਆਦਿ ਦੇ ਸੇਵਨ ਕਰਨ ਵਾਲੇ ਨੂੰ ਵੀ ਅਮਲੀ ਆਖਦੇ ਹਾਂ।

ਅਮਾਨ : (ਅ) ਪਨਾਹ/ਹਿਫ਼ਾਜ਼ਤ

ਅਮਾਨਤ : (ਅ) ਸਪੁਰਦ ਕੀਤੀ ਹੋਈ ਵਸਤੂ/ਧਰੋਹਰ।

ਅਮੀਕ : (ਅ) ਡੂੰਘਾ/ਗਹਿਰਾ/ਅਥਾਹ। "ਅਮੀਕ ਹੈ" (ਜਾਪ)

ਅਮੀਨ : (ਅ) ਅਮਾਨਤਦਾਰ/(ਈਮਾਨਦਾਰ)

ਅਮੀਰ : (ਅ) ਰਈਸ/ਸਰਦਾਰ

ਅਮੀਰਜ਼ਾਦਾ : (ਅਫ਼) ਅਮੀਰ ਦਾ ਪੁੱਤਰ

ਅਮੀਰੀ : (ਅ) ਸਰਦਾਰੀ/ਦੌਲਤਮੰਦੀ।

ਅਮੂਮਨ : (ਅ) ਆਮ ਤੌਰ ਤੇ।

ਅਯਾਸ਼ : (ਅ) ਐਸ਼ ਕਰਨ ਵਾਲਾ/ਭੋਗੀ/ਵਿਲਾਸੀ।

ਅਯਾਰ : (ਅ) ਫਰੇਬੀ/ਛਲੀਆ/ਚਲਾਕ

ਅਯਾਰੀ : (ਅ) ਚਲਾਕੀ।

ਅਯਾਲ : (ਅ) ਬਲਬੱਚੇ/ਆਸਰਤ ਜਨ।

ਅਯਾਲ : (ਫ) ਘੋੜੇ ਦੀ ਗਰਦਨ ਉਤਲੇ ਵਾਲ

ਅਰਸ਼ : (ਅ) ਆਕਾਸ਼/ਦੇਵ ਲੋਕ

ਅਰਸਾ : (ਅ) ਸਮਾ/ਵੇਲਾ/ਕਾਲ/ਚਿਰ/ਦੇਰ/ਮੈਦਾਨ।

ਅਰਸਾਲ : (ਅ) ਭੇਜਣਾ/ਚਿੱਠੀ/ਪਤ੍ਰ/ਭੇਜਣਾ।

ਅਰਸ਼ੀ : (ਅਫ਼) ਰੱਬ ਦੀ ਦਰਗਾਹ ਵਿਚ ਹਾਜ਼ਰ ਰਹਿਣ ਵਾਲਾ ਫਰਿਸ਼ਤਾ।

ਅਰਕ : (ਅ) ਮੁੜ੍ਹਕਾ/ਇਹ ਸ਼ਬਦ ਅਸਲ ਵਿਚ ਇਰਕ ਹੈ—ਅਰਥ ਹਨ—ਉਹ ਪਾਣੀ ਜੇਹੜਾ ਕਿ ਦਵਾਵਾਂ ਨੂੰ ਉਬਾਲ ਕੇ ਭਾਫ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ।

ਅਰਜ਼ : (ਅ) ਬੇਨਤੀ/ਕਿਸੇ ਚੀਜ਼ ਦਾ ਕਿਸੇ ਵਿਅਕਤੀ ਤੇ ਜ਼ਾਹਰ ਕਰਨਾ/"ਯਕ ਅਰਜ਼ ਗੁਫਤਮ ਪੇਸ ਤੋਂ।" (ਤਿਲੰਗ ਮ: ੧)

ਅਰਜ਼ਦਾਸ਼ਤ : (ਅਫ) ਅਰਦਾਸ/ਪੇਸ਼ ਕਰਨਾ/ਬੇਨਤੀ/ਪਰਾਰਥਨਾ।

ਅਰਜ਼ਮੰਦ : (ਫ਼) ਰੁਤਬੇ ਵਾਲਾ/ਬੁਲੰਦ ਇਕਬਾਲੀ

ਅਰਜ਼ਾਂ : (ਫ਼) ਸਸਤਾ।

ਅਰਜ਼ਾਨੀ : (ਫ਼) ਸਸਤਾਪਣ।

ਅਰਜ਼ੀ : (ਅ) ਬੇਨਤੀ ਪੱਤ੍ਰ/ਦਰਖ਼ਾਸਤ।

ਅਰਫ਼ਾਤ : (ਅ) ਮੱਕਾ ਦੇ ਨੇੜੇ ਦੇ ਇਕ ਮੈਦਾਨ



Sri Satguru Jagjit Singh Ji eLibrary NamdhariElibrary@gmail.com

ਦਾ ਨਾਂ ਜਿਥੇ ਹੱਜ ਦੀ ਇਕ ਰਸਮ ਅਦਾ ਕੀਤੀ ਜਾਂਦੀ ਹੈ ।

ਅਰਮਾਨ : (ਫ) ਆਰਜ਼ੂ/ਹਸਰਤ/ਅਭਿਲਾਸ਼ਾ ।

ਅਰਾਜ਼ੀ : (ਅ) ਅਰਜ਼ ਦਾ ਬਹੁਵਚਨ/ਜ਼ਮੀਨ

ਅਰੂਜ਼ : (ਅ) ਅਰਬੀ ਪਿੰਗਲ/ਸ਼ਾਇਰੀ ਦਾ ਇਲਮ ।

ਅਰੂਜ : (ਅ) ਚੜ੍ਹਨਾ/ਉੱਚਾ ਹੋਣਾ ।

ਅਰੇਬ : (ਅ) ਰੇਬ/ਟੇਢਾ/ਤਿਰਛਾ/(ਰੇਬ ਪਜਾਮਾ ਖ਼ਾਸ ਕਰ ਕੇ) ਕੱਪੜੇ ਦੀ ਤਿਰਛੀ ਕਾਟ ।

ਅਲਹਮਦ : (ਅ) ਸਭ ਸਿਫਤਾਂ/ਤਾਅਰੀਫ਼ਾਂ/ਕੁਰਾਨ ਦਾ ਸੂਰਾ ਫ਼ਾਤਿਹਾ ।

ਅਲਹਮਦ ਅੱਲ੍ਹਾ : (ਅ) ਸਭ ਤਾਅਰੀਫ਼ਾਂ/ਸਿਫ਼ਤਾਂ ਅੱਲ੍ਹਾ ਦੀਆਂ ਹਨ ।

ਅਲਖ਼ : (ਅ) ਅਖ਼ਿਰ/ਸਾਰਾ/ਤਮਾਮ ।

ਅਲਿਹਦਾ : (ਅ) ਵੱਖ/ਅਲੱਗ/ਸਿਵਾ/ਜੁਦਾ/ਤਨ-ਹਾਈ ਵਿਚ ।

ਅਲਿਹਦਗੀ : (ਅਫ਼) ਜੁਦਾਈ/ਤਨਹਾਈ/ਵੱਖਰਾ-ਪਣ ।

ਅਲਗੋਜ਼ਾ : (ਅ) ਪੰਜਾਬੀ ਵਿਚ ਨਗੋਜ਼ਾ/ਇਕ ਪਰਕਾਰ ਦੀ ਬੰਸਰੀ ।

ਅਲਿਫ਼ : ਅਰਬੀ, ਫ਼ਾਰਸੀ ਵਰਨਮਾਲਾ ਦਾ ਪਹਿਲਾ ਅੱਖਰ । ਸ਼ਬਦ ਅੱਲ੍ਹਾ ਦਾ ਚਿੰਨ੍ਹ ਪਾਤ੍ਰ/ਘੋੜੇ ਦਾ ਆਪਣੇ ਪਿਛਲੇ ਪੈਰਾਂ ਤੇ ਖੜੇ ਹੋ ਜਾਣ ਨੂੰ ਅਲਫ਼ ਹੋਣਾ ਕਿਹਾ ਜਾਂਦਾ ਹੈ ।

ਅਲਫ਼ਾਜ਼ : (ਅ) ਲਫ਼ਜ਼ ਦਾ ਬਹੁ-ਵਚਨ/ਸ਼ਬਦ ।

ਅਲਬੱਤਾ : (ਅ) ਬੇਸ਼ਕ/ਜ਼ਰੂਰ/ਪਰ/ਲੇਕਿਨ ।

ਅਲਮਦਦ : (ਅ) ਮਦਦ ਕਰ/ਸਹਾਰਾ ਦੇ/ਆਸਰਾ ਦੇ ।

ਅਲਮਾਸ : (ਫ਼) ਇਕ ਕੀਮਤੀ ਪੱਥਰ/ਹੀਰਾ ।

ਅਲਵਿਦਾਅ : (ਅ) ਰੁਖ਼ਸਤ/ਵਿਦਾਇਗੀ/ਜੁਦਾ ਹੋਣ ਸਮੇਂ ਲਈ ਸ਼ੁਭ ਸ਼ਬਦ ।

ਅਲਾਕਾ : (ਅ) ਖੇਤ੍ਰ/ਹੱਦ/ਮਲਕੀਅਤ/ਜਾਇ-ਦਾਦ ।

ਅਲਾਨੀਆ : ਸਭ ਦੇ ਸਾਹਮਣੇ/ਖੁਲ੍ਹਮ ਖੁਲ੍ਹਾ ।

ਅਲਾਮਤ : (ਅ) ਨਿਸ਼ਾਨੀ/ਛਾਪ/ਇਸ਼ਾਰਾ ।

ਅੱਲਾਮਾ : (ਅ) ਬਹੁਤ ਸਮਝਦਾਰ ਅਤੇ ਆਲਮ ਫ਼ਾਜ਼ਲ, ਵਿਦਵਾਨ ।

ਅਲਾਲਤ : (ਅ) ਰੋਗ/ਬੀਮਾਰੀ ।

ਅਲੀਮ : (ਅ) ਜਾਨਣ ਵਾਲਾ/ਵਿਦਵਾਨ ।

ਅਲੀਲ : (ਅ) ਬੀਮਾਰ/ਰੋਗੀ ।

ਆਲੂਦਾ : (ਫ਼) ਲਿਬੜਿਆ ਹੋਇਆ/ਨਾਪਾਕ/ਪਲੀਤ/ਗੰਦਾ ।

ਆਲੂਦਗੀ : (ਫ਼) ਨਾਪਾਕੀ/ਗੰਦਗੀ ।

ਅਵੱਲ : (ਅ) ਪਹਿਲਾ/ਮੁਢ, ਵਧੀਆ ।

ਆਹਵਜ਼ਾਰ : (ਫ਼) ਅਵਾਜ਼ਾਰੀ/ਰੋਣ/ਪਿੱਟਣਾ ।

ਅਵਾਮ : (ਅ) ਆਮ ਦਾ ਬਹੁਵਚਨ/ਆਮ ਲੋਕ/ਸਾਧਾਰਨ ਲੋਕੀ ।

ਆਅਜ਼ਮ : (ਅ) ਮਹਾਨ/ਬਹੁਤ ਵੱਡਾ ।

ਆਅਮਾਲ : (ਅ) ਅਮਲ ਦਾ ਬਹੁਵਚਨ/ਕੰਮ/ਕਰਨੀ ।

ਆਅਮਾਲ ਨਾਮਾ : (ਅਫ਼) ਰਜਿਸਟਰ ਜਿਸ ਤੇ ਬੰਦੇ ਦੇ ਚੰਗੇ ਅਤੇ ਬੁਰੇ ਕੰਮਾਂ ਦਾ ਵੇਰਵਾ ਲਿਖਿਆ ਜਾਂਦਾ ਮੰਨਿਆ ਜਾਂਦਾ ਹੈ ।

ਆਅਲਾ : (ਅ) ਬਹੁਤ ਵਧੀਆ/ਉੱਚੇ ਰੁਤਬੇ ਵਾਲ ।

ਆਇਤ : (ਅ) ਕੁਰਾਨ ਦਾ ਵਾਕ ।

ਆਇੰਦਾ : (ਫ਼) ਭੂਤ ਕਾਲ/ਆਉਣ ਵਾਲਾ/ਸਮਾ/ਫੇਰ ਕਦੇ ।

ਆਈਨਾ : (ਫ਼) ਸ਼ੀਸ਼ਾ/ਆਰਸੀ ।

ਆਈਨ : (ਫ਼) ਵਿਧਾਨ/ਕਾਇਦਾ/ਕਾਨੂੰਨ/ਰੀਤ ਰਿਵਾਜ/ਜ਼ਾਬਤ ।

ਆਸ਼ਿਕ : (ਅ) ਪ੍ਰੇਮੀ/ਪਿਆਰ ਕਰਨ ਵਾਲਾ ।

ਆਸ਼ਿਕਾਨਾ : (ਅਫ਼) ਆਸ਼ਕਾਂ ਵਰਗਾ ।

ਆਸ਼ਿਕੀ : (ਅਫ਼) ਇਸ਼ਕ/ਪ੍ਰੇਮ ।

ਆਸਤਾਂ : (ਫ਼) ਭਾਵ ਆਸਤਾਨਾ/ਚੋਖਟ/ਬੂਹਾ/ਬਜ਼ੁਰਗਾਂ ਦੇ ਮਜ਼ਾਰ ਦਾ ਬੂਹਾ ।

ਆਸਤੀਨ : (ਫ਼) ਕੁਰਤੇ ਆਦਿ ਦੀ ਬਾਂਹ ।

ਆਸ਼ਨਾ : (ਫ਼) ਜਾਣਕਾਰ/ਵਾਕਿਫ਼/ਉਹ ਇਸਤ੍ਰੀ ਜਾਂ ਪੁਰਸ਼ ਜੋ ਗ਼ੈਰ ਦੇ ਨਾਲ ਅਯੋਗ ਸੰਬੰਧ ਰੱਖੇ ।



Sri Satguru Jagjit Singh Ji eLibrary NamdhariElibrary@gmail.com

ਆਸ਼ਨਾਈ : (ਫ਼) ਦੋਸਤੀ/ਪਿਆਰ ਮੁਹੱਬਤ/ਅਯੋਗ ਸੰਬੰਧ ।

ਆਸਮਾਨ : (ਫ਼) ਆਕਾਸ਼ ।

ਆਸਮਾਨੀ : (ਫ਼) ਆਕਾਸ਼ ਤੋਂ/ਅਚਨਚੇਤੀ ।

ਆਸਾਨ : (ਫ਼) ਸੌਖਾ ।

ਆਸਾਨੀ : (ਫ਼) ਸੌਖਾਈ ।

ਆਸਾਰ : (ਅ) ਅਸਰ ਦਾ ਬਹੁ-ਵਚਨ/ਤੌਰ ਤਰੀਕੇ/ਲੱਛਣ/ਨਸ਼ਾਨੀਆਂ ।

ਆਸੀ : (ਅ) ਪਾਪੀ/ਦੋਸ਼ੀ/ਗੁਨਾਹਗਾਰ/ਐਨ-ਅਲਫ-ਸਾਦ-ਯੇ ਵਾਲਾ ।

ਆਸੀ : (ਅ) (ਅਲਫ ਮਦ-ਸੀਨ-ਯੇ ਵਾਲਾ) ਦੁਖ ਵੰਡਾਣ ਵਾਲਾ ਹਮਦਰਦ ।

ਆਸ਼ੀਆਂ : (ਫ਼) ਆਲ੍ਹਣਾ ।

ਆਸ਼ੀਆਨਾ : (ਫ਼) ਦੇਖੋ ਆਸ਼ੀਆਂ ।

ਆਸੂਦਾ : (ਫ਼) ਖੁਸ਼ਹਾਲ/ਆਰਾਮ ਵਿਚ ।

ਆਸੂਦਗੀ : (ਫ਼) ਆਰਾਮ/ਅਮਨ/ਅਮੀਰੀ ।

ਅਸ਼ੂਰਾ : (ਅ) ਇਸਲਾਮੀ ਮਹੀਨੇ ਮੁਹੱਰਮ ਦੀ ਦਸਵੀਂ ਤਿਥੀ/ਅਮਾਮ ਹੁਸੈਨ ਦੀ ਸ਼ਹਾਦਤ ਵਾਲਾ ਦਿਨ ।

ਆਸੇਬ : (ਫ਼) ਭੂਤ/ਚੁੜੇਲ/ਪਰੇਤ/ਜਿਨ ।

ਆਹ : (ਫ਼) ਅਫ਼ਸੋਸ ਵਾਚਕ ਸ਼ਬਦ/ਹਾਏ/ ਅਫ਼ਸੋਸ ।

ਆਹਾ : (ਫ਼) ਕਿਸੇ ਚੀਜ਼ ਜਾਂ ਗੱਲ ਦੇ ਚੰਗੀ ਲਗਣ ਸਮੇਂ ਇਹ ਸ਼ਬਦ ਉਚਾਰਿਆ ਜਾਂਦਾ ਹੈ ।

ਆਹਨ : (ਫ਼) ਲੋਹਾ ।

ਆਹਿਸਤਾ : (ਫ਼) ਹੌਲੀ/ਧੀਮਾ ।

ਆਹੂ : (ਫ਼) ਹਿਰਨ ।

ਆਹੂਚਸ਼ਮ : (ਫ਼) ਮਿਰਗ ਨੈਣੀ/ਪ੍ਰੇਮਕਾ ।

ਆਕਬਤ : (ਅ) ਪਰਲੋਕ/ਅੰਤ/ਸਿੱਟਾ/ਅਖੀਰ/ ਆਉਣ ਵਾਲੀ ਦੁਨੀਆਂ ।

ਆਕਿਲ : (ਅ) ਸਿਆਣਾ/ਦਾਨਾ/ਬੁਧੀਵਾਨ/ ਕਿ ਆਕਿਲ ਅਲਾਪੈ (ਜਾਪੁ) ।

ਆਕਾ : (ਤ) ਸੁਵਾਮੀ/ਸਾਹਿਬ/ਮਾਲਿਕ ।

ਆਕੀ : (ਅ) ਬਾਗ਼ੀ/ਆਗਿਆ ਭੰਗ ਕਰਨ ਵਾਲਾ "ਆਕੀ ਪਰਹਿ ਅਫਾਰੀ" (ਮਾਰੂ ਮ-੧)

ਆਖ਼ਤਾ : (ਫ਼) ਖ਼ੱਸੀ ।

ਆਖ਼ਿਰ : (ਅ) ਪਿਛਲਾ/ਆਖ਼ਰੀ/ਅੰਤ-"ਅਖਿਰ ਬਿਆਫ਼ਤਮ" (ਤਿਲੰਗ ਮ-੧)

ਆਖ਼ਿਰਤ : (ਅ) ਪਰਲੋਕ ।

ਆਖ਼ਰੀ : (ਅਫ਼) ਅਖ਼ੀਰਲਾ/ਅਖ਼ੀਰੀ/ਪਿਛਲਾ ।

ਆਖ਼ਿਰਕਾਰ : (ਅਫ਼) ਫਲਸਰੂਪ/ਸਿੱਟੇ ਵਜੋਂ ।

ਆਗਹੀ : (ਫ਼) ਆਗਾਹੀ ਦਾ ਸੰਖੇਪ ਰੂਪ/ਖ਼ਬਰ/ ਜਾਣਕਾਰੀ/ਵਾਕਫੀਅਤ ।

ਆਗਾ : (ਤੁ) ਆਕਾ/ਮਾਲਿਕ/ਵਡਾ ਭਰਾ/ ਮੁਗ਼ਲ ਪਠਾਣਾ ਦਾ ਖ਼ਤਾਬ ।

ਆਗਾਹ : (ਫ਼) ਖ਼ਬਰਦਾਰ/ਜਾਣਕਾਰ/ਵਾਕਿਫ/ "ਗਰਬਜਿਨਾ/ਵਡਿਆਈਆ ਧਨ ਜੋਨ ਆਗਾਹ ।" (ਸ਼-ਫਰੀਦ)

ਆਗੋਸ਼ : (ਫ਼) ਬੁੱਕਲ/ਗੋਦੀ ।

ਆਚਾਰ : (ਫ਼) ਇਹ ਪੰਜਾਬੀ ਉਚਾਰਨ ਵਿਚ ਅਚਾਰ ਹੋ ਗਿਆ ।

ਆਗਾਜ਼ : (ਫ਼) ਮੁਢ/ਆਰੰਭ । "ਜਿਹਵਾ ਧੁਨਿ ਆਗਾਜਾ ।" (ਰਾਮ. ਮ. ੫)

ਆਜ਼ਮਾਇਸ਼ : (ਫ਼) ਪਰਖ/ਪੜਤਾਲ/ਜਾਚ/ਇਮ-ਤਿਹਾਨ ।

ਆਜ਼ਮੂਦਾ : (ਫ਼) ਆਜ਼ਮਾਇਆ ਹੋਇਆ/ਜਾਂਚਿਆ ਹੋਇਆ ।

ਅਜ਼ਾਦ : (ਫ਼) ਸੁਤੰਤਰ/ਬਰੀ/ਮੁਕਤ/ਬੰਧਨ ਰਹਿਤ ।

ਆਜ਼ਾਦੀ : (ਫ਼) ਸੁਤੰਤਰਤਾ/ਛੁਟਕਾਰਾ/ਬੰਦ ਖ਼ਲਾਸੀ/ਖੁਲ੍ਹ ।

ਆਜ਼ਾਦਾਨਾ : (ਫ਼) ਆਜ਼ਾਦੀ ਨਾਲ/ਬਿਨਾ ਕਿਸੇ ਰੋਕ ਟੋਕ ਤੋਂ/ਖੁਲ੍ਹੇ ਆਮ ।

ਆਜ਼ਮ : (ਅ) ਇਰਾਦਾ ਕਰਨ ਵਾਲਾ ।

ਆਅਜ਼ਮ : (ਅ) ਬਹੁਤ ਵਡਾ/ਮਹਤ ।

ਆਜਿਜ਼ : (ਅ) ਬੇਬਸ/ਮਜਬੂਰ/ਕਮਜ਼ੋਰ/ਲਾਚਾਰ ਆਤਿਰ ਦੀਨ/ਨਿਰਧਨ/ਅਸਮਰਥ/ ਦੁਖੀ । "ਆਜਿਜ ਨ ਬਾਤੈ" (ਜਾਪੁ)

ਆਤਿਸ਼ : (ਫ਼) ਅੱਗ ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : 5455011

# NAMDHARI MARBLE CO.

PROP. : DAYA SINGH BHUI
ALL KINDS OF MARBLE STONE SUPPLIERS
WZ-2, Mansarover Garden, Ring Road,
NEW DELHI-110015

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 58795

Makhan Singh Saggu
Narinder Singh

## TECHNO INDUSTRIES

Manufactures, Fabricators & Exporter
INDUSTRIAL CHAIN SPROCKETS & SUGAR MILL SPARES ALL TYPES OF GREADED CASTING & MACHINERY PARTS
E.D. 311 Old Railway Road, JALANDHAR-144 001

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone Offi. 58795
Resi 58795

## SAGGU IRON INDUSTRIES

SUGAR MILL SPARES, PAPER & BOARD MILL SPARES
TEXTILE MILL SPARES, DISTILLERY SPARES & SOLVENT PLANT SPARES

ALL TYPE OF GEAR & CHAIN SPROCKETS & INDUSTRIAL CHAIN

Partner : S. Puran Singh Saggu

OLD RAILWAY ROAD, JALANDHAR CITY

Phone : 3040
Code : 01824

For Fitting Diesel Engines in oreign and Indian Cars bodies Contact

## Amarjit Motor Garage

G.T. Road,
Opp. Jalandhar Octroi Post,
PHAGWARA (Pb.)
Specialists in :
Mercedes Benz Car Repairing

Manufacturers of :
ALL KINDS OF WOODEN FURNITURE

## PARTAP
## Furnishers & Packers

Phone : 5441481

Showroom : B-204, Mansrover Garden,
NEW DELHI-110015.
Works : A-3, Sudershan Park,
NEW DELHI-15.


Sri Satguru Jagjit Singh Ji eLibrary NamdhariElibrary@gmail.com

## "ਮਨ ਦੀ ਗੁਫਾ"

—ਤਰਲੋਕ ਮਨਸੂਰ

ਮੇਰੇ ਮਨ ਦੀ ਸਿਰਜੀ ਗੁਫਾ ਦੇ ਅੰਦਰ...
ਇਕ ਕੋਨੇ ਵਿਚ ਹੁਸਨਾਂ ਦੇ ਭੰਡਾਰ ਪਏ ਨੇ
ਦੂਜੀ ਨੁਕਰੇ ਗੰਦਗੀ ਦੇ ਅੰਬਾਰ ਪਏ ਨੇ।
ਇਕ ਪਾਸੇ ਤਾਂ ਫੁੱਲਾਂ ਦੀ ਗੁਲਜ਼ਾਰ ਖਿੜੀ ਹੈ।
ਸੁਹਜ-ਸੁਆਦ ਦੀ ਵਾਦੀ ਅੰਦਰ ਕੋਸੀ ਕੋਸੀ ਧੁੱਪ ਚੜ੍ਹੀ ਹੈ।
ਮਾਂ ਦੀ ਮਮਤਾ ਜਿਹੀ ਪਵਿੱਤਰ ਵਸਤੂ,
ਗੁਫਾ ਤਾਈਂ ਰੁਸ਼ਨਾਵੇ।
ਲਿਸ਼ ਲਿਸ਼, ਲਿਸ਼ ਲਿਸ਼ ਤਾਰੇ ਲਿਸ਼ਕਣ
ਝਿਮ ਝਿਮ, ਝਿਮ ਝਿਮ ਅੰਮ੍ਰਿਤ ਬਰਸੇ,
ਅਨਹੱਤ ਨਾਲ ਸੁਣੀਵੇ, ਕਲੀਆਂ ਟਹਿਕਣ,
ਜਿੰਦ ਬਉਰਾਨੀ ਹੋ ਹੋ ਜਾਵੇ।
ਕਤਰਾ ਕਤਰਾ, ਬੂੰਦ-ਬੂੰਦ, ਮਧਰਾ ਰਸ ਟਪਕੇ,
ਰੋਮ ਰੋਮ ਨਸ਼ਿਆਵੇ,
ਮਨ ਬਉਰਾਨਾ, ਭਇਆ ਦੀਵਾਨਾ
ਬੁਲ੍ਹੇ ਸ਼ਾਹ ਦੀ ਕਾਫ਼ੀ ਗਾਵੇ।
ਮੁੜ ਮੁੜ ਗਾਵੇ, ਨੱਚਦਾ ਜਾਵੇ।
ਮੱਥੇ ਵਿਚ ਸੈਅ-ਸੂਰਜ ਚਮਕਣ।
ਚਾਨਣ ਚਾਨਣ ਤਨ-ਮਨ ਹੋਵੇ।
ਮਹਿਕ ਮਹਿਕ ਮਹਿਕਾਈ ਕਾਇਆਂ—
ਨਿਮਖ ਨਿਮਖ ਬਲਿਹਾਰੇ ਜਾਵੇ।
ਮਨ ਦੀ ਸਿਰਜੀ ਗੁਫਾ ਦੇ ਅੰਦਰ,
ਦੂਜੀ ਨੁਕਰੇ,
ਚੁਗਲੀ ਨਿੰਦਿਆ, ਰੋਸੇ ਸ਼ਿਕਵੇ, ਕੀਨਾ ਸਾੜਾ ਧਰਿਆ।
ਕਾਮ ਕਰੋਧ ਲੋਭ ਮੋਹ ਭਰਿਆ।
ਕਿਸੇ ਬੇ-ਨਕਸ਼ ਭੈਅ ਦਾ ਸਾਇਆ,
ਵਾਂਗ ਛਲੇਡੇ ਰੂਪ ਵਟਾਵੇ,
ਬਹੁਤ ਡਰਾਵੇ, ਬਹੁਤ ਡਰਾਵੇ।
ਕਦੇ ਕਦੇ ਇਹ ਰਾਵਣ ਜਾਪੇ,
ਬਣੇ ਮਹਾਂ ਅਭਿਮਾਨੀ।
ਕਦੇ ਕਦੇ ਹਰਨਾਕਸ਼ ਲੱਗੇ,
ਨਿਰਾ ਮੂਰਖ ਅਗਿਆਨੀ।
ਅੱਗ ਦੋਜ਼ਖ ਦੀ, ਜ਼ਹਿਰ ਹਲਾਹਲ—
ਇਸ ਕੋਨੇ ਵਿਚ ਧਰਿਆ।
ਚਿੰਤਾ-ਚਿਖਾ ਧਰੀ ਜਿੰਦ ਨਿਸ ਦਿਨ—
ਸੇਕ ਨਾ ਜਾਵੇ ਜਰਿਆ,
ਇਕ ਖਿਣ ਜੇ ਮੈਂ ਬ੍ਰਹਮ-ਗਿਆਨੀ—
ਦੂਜੇ ਪਲ ਚੋਰ ਹਤਿਆਰਾ।
ਹਉਂ ਪਾਪੀ ਵਡ-ਗੁਨਾਹਗਾਰਾ।
ਮੇਰੇ ਮਨ ਦੀ ਸਿਰਜੀ ਗੁਫਾ ਦੇ ਅੰਦਰ—
ਦੇਵ-ਦੈਂਤ ਦੁਹਾਂ ਦਾ ਵਾਸਾ।
ਨਰਕ ਸਵਰਗ ਦੀ ਲੀਲ੍ਹਾ।
ਗਤ ਮਿਤ ਮਨ ਦੀ ਮਨ ਹੀ ਜਾਣੇ,
ਮੇਰਾ ਤਾਂ ਕੋਈ ਚੱਲੇ ਨਾ ਹੀਲਾ।

## ਮੈਂ ਬਹੁਤ ਡਰ ਜਾਂਦਾ ਹਾਂ...

—ਹਰਵਿੰਦਰ ਰਿਆੜ

ਮੈਂ ਬਹੁਤ ਡਰ ਜਾਂਦਾ ਹਾਂ
ਨਿੱਤ ਸਵੇਰੇ,
ਉਦੋਂ......
ਜਦੋਂ ਅਮਨ ਦੀ ਮਿਸ਼ਾਲ
ਝੂਠ ਦਾ ਤਾਣਾ ਉਣਦੀ ਹੈ
ਉਦੋਂ......
ਜਦੋਂ ਭਾਈ ਜੀ ਦਾ ਸੰਖ ਵੀ
"ਏਕ ਨੂਰ" ਦੀ ਭਾਸ਼ਾ ਤੋਂ
ਭਟਕ ਜਾਂਦਾ ਹੈ,
ਉਦੋਂ......
ਜਦੋਂ ਅਖਬਾਰ ਦਾ ਹਾਸ਼ੀਆ
ਹੰਝੂ ਬਹਾ ਰਿਹਾ ਹੁੰਦਾ ਹੈ;
ਉਦੋਂ......
ਜਦੋਂ ਮੇਰੀ ਆਪਣੀ ਸੋਚ ਵੀ
ਕੁਝ ਕਰਨੋਂ ਇਨਕਾਰ ਕਰ ਦਿੰਦੀ ਹੈ;
ਉਦੋਂ......
ਜਦੋਂ ਮਾਂ ਮੇਰੇ ਘਰੋਂ ਬਾਹਰ ਜਾਣ ਤੇ
ਮਾਯੂਸ ਜਹੀ ਹੋ ਜਾਂਦੀ ਹੈ।
ਸ਼ਾਇਦ ਸਮੇਂ ਦੀਆਂ ਬਦਲੀਆਂ
ਅੱਖਾਂ ਕਰਕੇ !!
ਮੈਂ ਬਹੁਤ ਡਰ ਜਾਂਦਾ ਹਾਂ ਨਿਤ ਸਵੇਰੇ।


Sri Satguru Jagjit Singh Ji eLibrary NamdhariElibrary@gmail.com

# ਪੂਰਾ ਸਤਿਗੁਰੁ ਭੇਟਿਐ

--ਸੰਤ ਸਿੰਘ ਦਿਲੀ

ਇਸ ਆਧੁਨਿਕ ਪਦਾਰਥਵਾਦੀ ਯੁੱਗ ਵਿਚ ਮਨੁੱਖ ਭਾਵੇਂ ਦੁਨੀਆਦਾਰੀ ਦੇ ਪੱਖ ਤੋਂ ਕਿੰਨੀ ਹੀ ਉੱਨਤੀ ਕਰ ਲਵੇ, ਕਿੰਨੀਆਂ ਹੀ ਉਪਲਬਧੀਆਂ ਪ੍ਰਾਪਤ ਕਰ ਲਵੇ, ਅਰਬਾਂ ਖਰਬਾਂ ਰੁਪਏ ਪ੍ਰਾਪਤ ਕਰਕੇ ਧਨਵਾਨ ਹੋ ਜਾਵੇ, ਅਸਮਾਨ ਨੂੰ ਛੂੰਹਦੇ ਹੋਏ ਅਨੇਕਾਂ ਮਹਿਲ-ਮਾੜੀਆਂ ਦਾ ਮਾਲਕ ਹੋ ਜਾਵੇ, ਕਿੰਨੇ ਹੀ ਸੋਨੇ-ਚਾਂਦੀ ਜੜ੍ਹਤ ਮਹਿਲਾਂ ਅੰਦਰ ਨਿਵਾਸ ਕਰਦਾ ਹੋਵੇ, ਰਿਧੀਆਂ ਸਿਧੀਆਂ ਦਾ ਮਾਲਕ ਹੋਵੇ, ਕਿੰਨਾ ਹੀ ਮਾਣ ਖੱਟ ਲਵੇ, ਫਿਰ ਭੀ ਉਹ ਪੂਰਨ ਨਹੀਂ ਹੋ ਸਕਦਾ। ਪੂਰਨ ਸਿਰਫ ਇਕੋ ਹੀ ਹੈ, ਉਹ ਹੈ ਅਕਾਲ ਪੁਰਖ ਸਤਿਗੁਰੂ ਆਪ।

ਆਦਿ ਅੰਤੇ ਮਧਿ ਤੂੰਹੈ ਪ੍ਰਭ ਬਿਨਾਂ ਨਾਹੀਂ ਕੋਇ ॥
ਪੂਰਿ ਰਹਿਆ ਸਗਲ ਮੰਡਲ ਏਕੁ ਸੁਆਮੀ ਸੋਇ॥
(ਮ: ੫, ਪੰਨਾ ੯੮੮)

ਵਿਗਿਆਨੀਆਂ ਨੇ ਇਹ ਗੱਲ ਸਿੱਧ ਕਰ ਦਿਤੀ ਹੈ ਕਿ ਅਕਾਲ ਪੁਰਖ ਨੇ ਮਨੁੱਖ ਦੇ ਦਿਮਾਗ ਨੂੰ ਅਥਾਹ ਤਾਕਤ ਬਖਸ਼ੀ ਹੋਈ ਹੈ ਪਰ ਦੁਨੀਆਂ ਦਾ ਸਭ ਤੋਂ ਜ਼ਿਆਦਾ ਸਿਆਣਾ ਆਦਮੀ ਵੀ ਇਸ ਦੀ ਦਸ ਫੀਸਦੀ ਤੋਂ ਵੱਧ ਵਰਤੋਂ ਨਹੀਂ ਕਰ ਸਕਿਆ। ਆਮ ਇਨਸਾਨ ਤੇ ਸਿਰਫ ੨-੩ ਫੀਸਦੀ ਤਕ ਹੀ ਇਸ ਦੀ ਵਰਤੋਂ ਕਰਕੇ ਸੀਮਿਤ ਰਹਿ ਜਾਂਦਾ ਹੈ। ਇਸੇ ਕਰਕੇ ਮਨੁੱਖੀ ਜੀਵਨ ਪੂਰਨਤਾ ਪ੍ਰਾਪਤ ਨਹੀਂ ਕਰ ਸਕਦਾ, ਅੱਧਾ ਅਧੂਰਾ ਰਹਿ ਜਾਂਦਾ ਹੈ। ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਗੁਰਬਾਣੀ ਦੇ ਅਨੁਸਾਰ ਸਿਰਫ ਸਤਿਗੁਰੂ ਅਕਾਲ ਪੁਰਖ ਹੀ ਪੂਰਨ ਹੈ। ਉਹ ਪੂਰਾ ਹੈ ਅਤੇ ਜਿਹੜੀ ਉਸਨੇ ਬਣਤ ਬਣਾਈ ਹੈ, ਉਹ ਵੀ ਪੂਰੀ ਹੈ। ਉਥੇ ਕਿਸੇ ਕਿਸਮ ਦੀ ਕੋਈ ਕਮੀ ਲੱਭੀ ਹੀ ਨਹੀਂ ਜਾ ਸਕਦੀ।

ਪੂਰਾ ਗੁਰੁ ਪੂਰੀ ਬਣਤ ਬਣਾਈ॥ (ਪੰਨਾ ੩੭੭)

ਰਿਖੀ ਕੇਸ ਗੋਪਾਲ ਗੋਵਿੰਦ॥
ਪੂਰਨ ਸਰਬਤ੍ਰ ਮੁਕੰਦ॥ (ਮ: ੫, ਪੰਨਾ ੮੯੭)

ਉਹ ਪੂਰਨ ਪੁਰਖ ਪੂਰਾ ਸਭਨੀਂ ਥਾਈਂ ਸਾਡਾ ਰਖਵਾਲਾ ਹੈ, ਸਾਡੀ ਨਿੱਤ ਰਖਿਆ ਕਰਦਾ ਹੈ, ਸਾਡੇ ਨੇੜੇ ਕਿਸੇ ਵੈਰੀ ਦੁਸ਼ਮਣ ਨੂੰ ਨਹੀਂ ਫਟਕਣ ਦਿੰਦਾ—

ਪੂਰਨ ਪੁਰਖੁ ਨਵਤਨੁ ਨਿਤ ਬਾਲਾ।
ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ॥
(ਮ: ੫ ਪੰਨਾ ੨੪੦)

ਉਹ ਅਨੰਤ ਸ਼ਕਤੀਆਂ ਦਾ ਮਾਲਕ ਹੈ, ਉਸ ਨੂੰ ਸਿਰਫ ਮਨੁੱਖੀ ਜੀਵਨ ਹੀ ਨਹੀਂ ਬਲਕਿ ਸਾਰੀ ਸ੍ਰਿਸ਼ਟੀ ਦਾ ਅਤੇ ਉਸ ਵਿਚ ਵਿਚਰ ਰਹੇ ਅਣਗਿਣਤ ਜੀਵ ਜੰਤੂਆਂ ਦਾ ਵਨਸਪਤੀ ਆਦਿ ਦਾ ਪੂਰਨ ਗਿਆਨ ਹੈ।

ਮਨੁੱਖ ਦੀਆਂ ਅਨੇਕਾਂ ਕਮੀਆਂ ਨੂੰ ਵੇਖ ਕੇ ਅਕਾਲ ਪੁਰਖ ਦੇਹ ਧਾਰ ਕੇ ਸਤਿਗੁਰੂ ਦੇ ਰੂਪ ਵਿਚ, ਮਾਤਲੋਕ ਵਿਚ ਅਵਤਾਰ ਧਾਰਦਾ ਹੈ ਅਤੇ ਮਨੁੱਖਾਂ ਨੂੰ ਠੀਕ ਜੀਵਨ ਜੀਉਣ ਵਾਸਤੇ ਪੂਰਨਤਾ ਵਲ ਲਿਜਾਂਦਾ ਹੈ। ਸਤਿਗੁਰੂ ਜੀ ਆਪ ਹਰ ਪਹਿਲੂ ਨੂੰ ਖੁਦ ਆਪਣੇ ਤੇ ਵਰਤਦੇ ਹਨ ਤਾਂ ਕਿ ਮਨੁੱਖ ਨੂੰ ਇਹ ਸਭ ਕੁਝ ਅਸੰਭਵ ਨਾ ਲਗੇ। ਸਤਿਗੁਰੂ ਸਿੱਖ ਵਾਸਤੇ ਇਕ ਚਾਨਣ ਮੁਨਾਰਾ ਬਣ ਜਾਂਦੇ ਹਨ ਜਿਸ ਤੋਂ ਰੋਸ਼ਨੀ ਪ੍ਰਾਪਤ ਕਰਕੇ ਉਹ ਆਂਪਣੀਆਂ ਸਾਰੀਆਂ ਔਕੜਾਂ ਨੂੰ ਸਹਿਜੇ ਹੀ ਹਲ ਕਰ ਲੈਂਦਾ ਹੈ।

ਵਰਤਮਾਨ ਕਾਲ ਵਿਚ ਜਦੋਂ ਕਲਿਗੁਗ ਆਪਣੇ ਪੂਰਨ ਜੋਬਨ ਤੇ ਹੈ ਅਤੇ ਕਿਸੇ ਵੀ ਮਨੁੱਖ ਵਿਚ ਸਤਿ ਅਤੇ ਧਰਮ ਦੀ ਭਾਵਨਾ ਨਹੀਂ ਆਉਣ ਦਿੰਦਾ, ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਸੇਵਕਾਂ ਨੂੰ ਮਾਰਗ ਦਰਸ਼ਨ ਦੇਣ ਦੀ ਕਿਰਪਾਲਤਾ ਕਰਦੇ ਰਹਿੰਦੇ ਹਨ। ਗੁਰਬਾਣੀ ਵਿਚ ਲਿਖਿਆ ਹੈ:

ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥
ਹਸੰਦਿਆ, ਖੇਲੰਦਿਆ, ਪੈਨੰਦਿਆ, ਖਾਵੰਦਿਆ
ਵਿਚੇ ਹੋਵੈ ਮੁਕਤਿ॥ (ਪੰਨਾ ੫੨੨)

ਸਤਿਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਲੋਕ ਆਪਣੇ ਘਰ ਛਡ ਕੇ ਜੰਗਲਾਂ ਵਿਚ ਭਟਕਦੇ ਰਹਿੰਦੇ ਸਨ ਅਤੇ ਜਪੁ ਤਪੁ ਕਰਕੇ ਅਕਾਲ ਪੁਰਖ ਦੀ ਪ੍ਰਾਪਤੀ ਅਤੇ ਮੁਕਤੀ ਦੇ ਜਤਨ ਕਰਦੇ ਸਨ। ਸਤਿਗੁਰੂ ਜੀ ਨੇ ਇਸ ਦੇ ਵਿਰੁੱਧ ਪ੍ਰਚਾਰ ਕੀਤਾ ਅਤੇ ਆਪਣੇ ਸਿੱਖਾਂ ਨੂੰ ਆਪਣੇ ਘਰ ਹੀ ਰਹਿ ਕੇ, ਗ੍ਰਿਹਸਤ ਧਰਮ ਧਾਰਨ ਕਰਕੇ ਭਜਨ ਬਾਣੀ ਵਲ ਲਾਇਆ ਅਤੇ ਪ੍ਰੇਰਨਾ ਦਿੱਤੀ ਕਿ ਬਾਹਰ ਜੰਗਲਾਂ ਵਿਚ ਰੱਬ ਨੂੰ ਲੱਭਣ ਦੀ ਲੋੜ ਨਹੀਂ ਉਹ ਤੁਹਾਡੇ ਸਭਨਾਂ ਦੇ ਅੰਦਰ ਹੀ ਹੈ। ਇਸੇ ਹੀ ਵਿਚਾਰਧਾਰਾ ਨੂੰ ਉਨ੍ਹਾਂ ਦੇ ਉੱਤਰਾਧਿਕਾਰੀ, ਆਪਣੇ ਸੇਵਕਾਂ ਨੂੰ ਪ੍ਰਚਾਰਦੇ ਰਹੇ, ਬਾਣੀ ਰਚਕੇ ਸਮਝਾਉਂਦੇ ਰਹੇ, ਆਪ ਉਸ ਤਰ੍ਹਾਂ ਜੀਵਨ ਬਿਤਾਉਂਦੇ ਅਤੇ ਆਪਣੇ ਸਿੱਖਾਂ ਨੂੰ ਭੀ ਉਸੇ ਤਰ੍ਹਾਂ ਹੁਕਮ ਮੰਨਣ ਵਾਸਤੇ ਪ੍ਰੇਰਦੇ ਰਹੇ।

ਸਤਿਗੁਰੂ ਕਿਸ ਤਰ੍ਹਾਂ ਆਪਣੇ ਸਿੱਖਾਂ ਨੂੰ ਆਪਣਾ ਸਮਝਦੇ ਹਨ, ਕਿਸ ਤਰ੍ਹਾਂ ਉਨ੍ਹਾਂ ਦੀ ਜੀਵਨ ਯਾਤਰਾ ਸਫਲ ਕਰਨ ਲਈ ਪ੍ਰੋਗਰਾਮ ਉਲੀਕਦੇ ਹਨ, ਇਹ ਸਭ ਕੁਝ ਤਾਂ ਹੀ ਪਤਾ ਲਗ ਸਕਦਾ ਹੈ ਜੇਕਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਰਨ ਪ੍ਰਾਪਤ ਹੋਵੇ ਤੇ ਉਹਨਾਂ ਦੀ ਹਜ਼ੂਰੀ ਵਿਚ ਕੁਝ ਚਿਰ ਰਿਹਾ ਜਾਵੇ।

ਨਾਮਧਾਰੀਆਂ ਦੇ ਵੱਡੇ ਭਾਗ ਹਨ ਕਿ ਉਹਨਾਂ ਨੂੰ ਸਤਿਗੁਰੂ ਜੀ ਦੀ ਬਖ਼ਸ਼ਿਸ਼ ਅਤੇ ਸਨੇਹੁ ਪ੍ਰਾਪਤ ਹੈ। ਸਤਿਗੁਰੂ

Sri Satguru Jagjit Singh Ji eLibrary NamdhariElibrary@gmail.com

ਆਪਣੇ ਸਿੱਖਾਂ ਦੀ ਪ੍ਰਤਿਪਾਲਣਾ ਕਰਦੇ ਹਨ ਅਤੇ ਉਹਨਾਂ ਦਾ ਲੋਕ ਪਰਲੋਕ ਦੋਨੋਂ ਹੀ ਸੰਵਾਰਦੇ ਹਨ।

ਦੁਨੀਆ ਵਿਚ ਭਾਵੇਂ ਕੋਈ ਰਿਸ਼ਤਾ ਹੋਵੇ, ਪਿਤਾ-ਪੁੱਤਰ ਦਾ, ਪਤੀ-ਪਤਨੀ ਦਾ, ਮਾਲਕ ਨੌਕਰ ਦਾ ਜਾਂ ਕੋਈ ਭੀ ਹੋਰ ਇਸ ਨੂੰ ਰਖਣ ਵਾਸਤੇ ਇਕ ਮੁਢਲਾ ਅਸੂਲ ਹੈ ਕਿ ਛੋਟਾ ਵੱਡੇ ਦਾ ਹੁਕਮ ਮੰਨੇ। ਭਾਰਤੀ ਪ੍ਰੰਪਰਾ ਇਹ ਹੈ ਕਿ ਛੋਟਾ ਵੱਡੇ ਦਾ ਆਦਰ ਮਾਣ ਕਰੇ, ਉਸਦਾ ਹੁਕਮ ਮੰਨੇ ਅਤੇ ਉਸ ਵਿਚ ਕਿੰਤੂ ਦੀ ਕੋਈ ਥਾਂ ਨਾ ਹੋਵੇ। ਇਸ ਦੇ ਬਦਲੇ ਵੱਡੇ ਦਾ ਫਰਜ਼ ਹੈ ਕਿ ਉਹ ਛੋਟੇ ਨੂੰ ਪੂਰਨ ਸਨੇਹ ਅਤੇ ਪਿਆਰ ਦੇਵੇ। ਉਸ ਦੇ ਹਰ ਸੁਖ ਦਾ ਧਿਆਨ ਕਰੇ। ਜਿੰਨਾ ਚਿਰ ਦੋਵੇਂ ਧਿਰਾਂ ਇਹਨਾਂ ਅਸੂਲਾਂ ਤੇ ਚਲਦੀਆਂ ਰਹਿੰਦੀਆਂ ਹਨ—ਰਿਸ਼ਤਾ ਬਿਹਤਰ ਰਹਿੰਦਾ ਹੈ।

ਇਸੇ ਤਰ੍ਹਾਂ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਤੇ ਰੰਧਾਵੇ ਨਾਲ ਗੋਸ਼ਟੀ ਕਰਦਿਆਂ ਹੋਇਆਂ ਦੱਸਿਆ ਹੈ ਕਿ ਸਤਿਗੁਰੂ ਤੇ ਸਿੱਖ ਦੇ ਰਿਸ਼ਤੇ ਦਾ ਅਧਾਰ ਸਿਰਫ ਹੁਕਮ ਮੰਨਣ ਤਕ ਹੀ ਹੈ।

ਜੈਸੀ ਲਹਿਰ ਸਮੁੰਦ੍ਰ ਕੀ ਸਤਿਗੁਰ ਕੀਨੋ ਵਾਕੁ ॥
ਬਚਨ ਹਮਾਰਾ ਫੇਰ ਦੇਹੁ ਹਮ ਤੁਕ ਕੈਸਾ ਸਾਕੁ ॥

ਸਿੱਖ ਵਿਚ ਭਾਉ ਤੇ ਭਗਤ ਦੀ ਲੋੜ ਹੈ, ਫਿਰ ਸਤਿਗੁਰੂ ਉਸ ਨੂੰ ਸਰਬ ਸੁਖ ਬਖਸ਼ਦੇ ਹਨ। ਵੱਡੇ ਅਤੇ ਛੋਟੇ ਵਿਚ ਜਿੰਨਾ ਜ਼ਿਆਦਾ ਫਰਕ ਹੁੰਦਾ ਹੈ ਉਤਨਾ ਹੀ ਛੋਟੇ ਲਈ ਵੱਡੇ ਨੂੰ ਸਮਝਣਾ ਮੁਸ਼ਕਲ ਹੁੰਦਾ ਹੈ। ਸੋ ਸਤਿਗੁਰੂ ਜੋ ਸਾਰੇ ਵੱਡਿਆਂ ਨੂੰ ਬਨਾਉਣ ਵਾਲੇ ਹਨ ਸਰਬ-ਕਲਾ ਸਮਰਥ ਹਨ, ਉਹਨਾਂ ਨੂੰ ਸਿੱਖਾਂ ਵਾਸਤੇ ਸਮਝਣਾ ਹੋਰ ਭੀ ਔਖਾ ਹੋ ਜਾਂਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਆਉਂਦਾ ਹੈ ਕਿ ਸਤਿਗੁਰੂ ਜੋ ਕੁਝ ਕਰਦਾ ਹੈ ਉਸ ਨੂੰ ਉਹ ਆਪ ਹੀ ਜਾਣਦਾ ਹੈ, ਹੋਰ ਕੋਈ ਨਹੀਂ ਜਾਣ ਸਕਦਾ। ਜਿਸ ਜਿਸ ਤੇ ਉਹ ਆਪਣੀ ਕਿਰਪਾ ਕਰਦਾ ਹੈ, ਜਿਸ ਨੂੰ ਉਹ ਆਪਣੇ ਨੇੜੇ ਰਹਿਣ ਦਾ ਅਵਸਰ ਪ੍ਰਦਾਨ ਕਰਦਾ ਹੈ ਉਹ ਸਤਿਗੁਰੂ ਜੀ ਦੇ ਕੁਝ ਚੋਜ ਤੇ ਵਡਿਆਈਆਂ ਦਾ ਆਨੰਦ ਮਾਣ ਸਕਦਾ ਹੈ। ਉਹ ਵੀ ਤਾਂ ਜੇ ਸਤਿਗੁਰੂ ਜੀ ਆਪ ਮਿਹਰ ਤੇ ਬਖਸ਼ਸ਼ ਕਰਨ।

ਸਤਿਗੁਰੂ ਜਗਜੀਤ ਸਿੰਘ ਜੀ ਕਿਸ ਤਰ੍ਹਾਂ ਆਪਣੇ ਸਿੱਖਾਂ ਸੇਵਕਾਂ ਦਾ ਮਾਰਗ ਦਰਸ਼ਨ ਕਰਦੇ ਹਨ—ਕਿਸ ਤਰ੍ਹਾਂ ਉਹਨਾਂ ਦਾ ਲੋਕ ਪਰਲੋਕ ਸੰਵਾਰਦੇ ਹਨ—ਇਹ ਅੱਖੀਂ ਵੇਖਣ ਦਾ ਅਵਸਰ ਮੈਨੂੰ ਸਤਿਗੁਰੂ ਜੀ ਦੇ ਨਾਲ ਬੰਗਲੌਰ ਦੇ ਦੌਰੇ ਸਮੇਂ ਉਹਨਾਂ ਦੇ ਚਰਨਾਂ ਵਿਚ ਰਹਿ ਕੇ ਮਿਲਿਆ।

ਇਸ ਸਾਲ (੧੯੯੨) ਦਾ ਇਹ ਦੌਰਾ ੬-੫-੯੨ ਨੂੰ ਦਿੱਲੀ ਤੋਂ ਸਵੇਰੇ ਹੈਦਰਾਬਾਦ ਦੀ ਉਡਾਨ ਨਾਲ ਸ਼ੁਰੂ ਹੋਇਆ। ਦੌਰੇ ਦਾ ਵੇਰਵਾ ਇਸ ਪ੍ਰਕਾਰ ਹੈ—

ਹੈਦਰਾਬਾਦ—੬-੫-੯੨ ਸਵੇਰ ਤੋਂ ੭-੫-੯੨ ਸਵੇਰ ਤਕ।

ਬੰਗਲੌਰ—੭-੫-੯੨ ਸਵੇਰ ਤੋਂ ੧੧-੫-੯੨ ਸਵੇਰ ਤਕ।

ਊਟੀ—੧੧-੫-੯੨ ਸ਼ਾਮ ਤੋਂ ੧੩-੫-੯੨ ਸਵੇਰ ਤਕ।

ਕੁਡਾਈ ਕਨਾਲ—੧੩-੫-੯੨ ਸ਼ਾਮ ਤੋਂ ੧੫-੫-੯੨ ਤਕ।

ਬੰਗਲੌਰ—੧੬-੫-੯੨ ਸ਼ਾਮ ਤੋਂ ੨੪-੫-੯੨ ਸਵੇਰ।

ਬੰਬਈ—੨੪-੫-੯੨ ਤੋਂ ੨੫-੫-੯੨ ਸ਼ਾਮ ਨੂੰ ਦਿੱਲੀ।

ਇਸ ਸਾਰੇ ਦੌਰੇ ਦਾ ਇਕ-ਇਕ ਪਲ ਐਨਾ ਰੋਚਕਮਈ ਸੀ, ਐਨਾ ਆਨੰਦਦਾਇਕ ਸੀ ਕਿ ਸ਼ਬਦ ਉਸ ਅਨੁਭਵ ਦਾ ਵਰਨਣ ਕਰਨ ਵਿਚ ਅਸਮਰਥ ਹਨ।

**ਭਜਨ ਬਾਨੀ ਨਾਮ ਸਿਮਰਨ—**

ਗੁਰਸਿੱਖ ਲਈ ਗੁਰਬਾਨੀ ਦਾ ਪਾਠ ਕਰਨਾ। ਸ਼ਬਦਾਂ ਦਾ ਕੀਰਤਨ ਰਾਹੀਂ ਗਾਇਨ ਕਰਨਾ, ਨਾਮ ਸਿਮਰਨ ਕਰਨਾ ਅਤਿ ਆਵਸ਼ਕ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਹੁਕਮਨਾਮੇ ਵਿਚ ਹੁਕਮ ਦਿੱਤਾ ਹੈ—

"ਬਾਣੀ ਪੜ੍ਹਨੀ ਜੇ ਕੰਠ ਨਾ ਹੋਵੇ ਤਾਂ ਕੰਠ ਕਰ ਲੈਣੀ। ਸਰਬ ਮਾਈ ਬੀਬੀ ਸਰਬ ਨੇ। ਜਪੁ ਜਾਪੁ ਦੁਹਾਂ ਦੇ ਹਜਾਰੇ ਕੰਠ ਕਰਨੇ। ਰਹਿਰਾਸ, ਆਰਤੀ ਸੋਹਿਲਾ, ਏਤਨੀ ਤਾਂ ਜਰੂਰ ਹੀ ਕੰਠ ਕਰਨੀ ਤੇ ਸੀਲ ਸੰਤੋਖ ਸਭ ਕੋ ਰਖਣਾ। ਭਜਨ ਅਠੇ ਪਹਿਰ ਕਰਨਾ ਗੁਰੂ ਸੱਚੇ ਦਾ।

ਹਰ ਵਕਤ ਦਿਵਾਨ ਲਾਉਣਾ ਹਰਿ ਦਿਨ ਸ਼ਬਦ ਕੀਰ-ਤਨੁ ਕਰਣਾ।"

ਕੀਰਤਨ ਨਿਰਮੋਲਕ ਹੀਰਾ ॥
ਅਨੰਦ ਗੁਣੀ ਗਹੀਰਾ ॥
ਅਨਹਦ ਬਾਣੀ ਪੂੰਜੀ ॥
ਸੰਤਨ ਹਰਿ ਰਾਖੀ ਕੂੰਜੀ ॥ (ਮ: ੫, ਪੰਨਾ ੮੯੩)

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਆਉਂਦਾ ਹੈ ਕਿ ਭਜਨ ਬਾਣੀ ਸਿੱਖ ਦਾ ਖਾਜ ਹੈ, ਇਸ ਤੋਂ ਬਗੈਰ ਸਭ ਮੇਂਜ ਮੇਲੇ ਨਿਹਫਲ ਹਨ। ਇਸ ਗੱਲ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਭਲੀ ਭਾਂਤ ਆਪਣੇ ਜੀਵਨ ਵਿਚ ਸਾਕਾਰ ਕੀਤਾ ਹੋਇਆ ਹੈ ਅਤੇ ਆਪਣੇ ਸੇਵਕਾਂ ਨੂੰ ਭੀ ਇਸ ਤਰ੍ਹਾਂ ਜੀਵਨ ਜੀਊਣ ਦੀ ਪ੍ਰੇਰਣਾ ਦਿੱਤੀ ਹੋਈ ਹੈ।


Sri Satguru Jagjit Singh Ji eLibrary NamdhariElibrary@gmail.com

ਹਰ ਰੋਜ਼ ਸਵੇਰੇ ਚਾਰ ਵਜੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋ ਜਾਂਦਾ। ਸਾਰੀ ਸਾਧ-ਸੰਗਤ ਇਸ਼ਨਾਨ ਕਰਕੇ ਛੇ ਵਜੇ ਤਕ ਕੀਰਤਨ ਦਾ ਆਨੰਦ ਮਾਣਦੀ ਅਤੇ ਨਾਮ ਸਿਮਰਨ ਕਰਦੀ। ਸੱਚੇ ਪਾਤਸ਼ਾਹ ਜੀ ਆਪ ਕੀਰਤਨ ਕਰਨ ਦੀ ਕਿਰਪਾ ਕਰਦੇ ਅਤੇ ਅੰਮ੍ਰਿਤ ਵੇਲੇ ਨੂੰ ਹੋਰ ਵੀ ਅੰਮ੍ਰਿਤਮਈ ਬਣਾ ਦਿੰਦੇ।

ਸੰਤ ਹਰਬੰਸ ਸਿੰਘ ਜੀ ਘੁਲਾ ਦਿਲਰੁਬਾ, ਸੰਤ ਹਰਭਜਨ ਸਿੰਘ ਜੀ ਸਿਤਾਰ, ਸੰਤ ਸੁਰਜੀਤ ਸਿੰਘ ਜੀ ਸਾਰੰਗੀ ਅਤੇ ਸੰਤ ਸ਼ੇਰ ਸਿੰਘ ਜੀ ਦਾ ਤਬਲਾ ਇਸ ਵਾਤਾ-ਵਰਨ ਨੂੰ ਸਹੀ ਅਰਥਾਂ ਵਿਚ ਸਤਿਜੁਗੀ ਬਣਾ ਦਿੰਦਾ। ਸਤਿਗੁਰੂ ਜੀ ਦੇ ਆਦੇਸ਼ਾਂ ਅਨੁਸਾਰ ਕਦੇ ਸਿਤਾਰ ਅਤੇ ਕਦੇ ਸਾਰੰਗੀ ਵਜਦੀ, ਸਤਿਗੁਰੂ ਜੀ ਆਪ ਵੀ ਮਧੁਰ ਸੁਰੀਲੇ ਕੰਠ ਰਾਹੀਂ ਸ਼ਬਦਾਂ ਦਾ ਗਾਇਨ ਕਰਕੇ ਸਾਰੇ ਸਰੋਤਿਆਂ ਦੇ ਕੰਨਾਂ ਵਿਚ ਅੰਮ੍ਰਿਤ ਘੋਲ ਦਿੰਦੇ। ਸਰੋਤੇ ਸੰਗੀਤ ਦੀਆਂ ਮਧੁਰ ਧੁਨਾਂ ਸੁਣਕੇ, ਆਨੰਦ ਵਿਭੋਰ ਹੋ ਕੇ ਮਸਤੀ ਵਿਚ ਝੂਮ ਉਠਦੇ।

ਦਸ ਮਈ ਦੀ ਆਸਾ ਜੀ ਦੀ ਵਾਰ ਵਿਚ ਸੰਤ ਹਰਬੰਸ ਸਿੰਘ ਜੀ ਨੇ 'ਗੁਰ ਜੈਸਾ ਨਾਹੀ ਕੋ ਦੇਵ' ਅਤੇ 'ਭਿੰਨੀ ਰੈਨੀਅੜੇ ਚਮਕਣ ਤਾਰੇ ॥ ਜਾਗਣ ਸੰਤ ਜਨਾ ਮੇਰੇ ਰਾਮ ਪਿਆਰੇ' ਬੜੀ ਮਸਤੀ ਵਿਚ ਪੜ੍ਹਿਆ। ਉਪਰੰਤ ਸਤਿਗੁਰੂ ਜੀ ਨੇ ਕਦੇ ਆਦਿ ਗ੍ਰੰਥ ਸਾਹਿਬ ਤੇ ਕਦੇ ਦਸਮ-ਗ੍ਰੰਥ ਸਾਹਿਬ ਦੇ ਸ਼ਬਦਾਂ ਦਾ ਗਾਇਨ ਆਪਣੇ ਸੁਰੀਲੇ ਕੰਠ ਰਾਹੀਂ ਕਰਕੇ ਸਰੋਤਿਆਂ ਦੇ ਕੰਨਾਂ ਵਿਚ ਅੰਮ੍ਰਿਤ ਘੋਲ ਦਿਤਾ।

ਦਸਮ ਗੁਰੂ ਜੀ ਰਚਿਤ ਇਕ ਸ਼ਬਦ ਸੀ

ਕਾਗੜਦੀ ਕੁੱਪਯੋ ਕਪਿ ਗਟਕ ਬਾਗੜਦੀ
ਬਾਜਨ ਰਣ ਬੱਜਿਯ ॥
ਤਾਗੜਦੀ ਤੇਗ ਝਲਹਲੀ ਗਾਗੜਦੀ ਜੋਧਾ ਗਲ ਗੱਜਿਯ ॥
ਸਾਗੜਦੀ ਸੂਰ ਸੰਮੁਹੇ ਨਾਗੜਦੀ ਨਾਰਦ ਮੁਨਿ ਨੱਚਯੋ ॥
ਬਾਗੜਦੀ ਬੀਰ ਬੈਤਾਲ ਆਗੜਦੀ ਆਰਣ ਰੰਗ ਰੱਚਯੋ ॥
ਸੰਸਾਗੜਦੀ ਸੁਭਟ ਨੱਚੇ ਸਮਰ ਫਾਗੜਦੀ ਫੁੰਕ ਰਣੀਅਰ ਕਰੇ ॥
ਸ਼ਸਾਗੜਦੀ ਸਮਟੇ ਸੁੰਕੜੇ ਫਨਪਤਿ ਫਨਿ ਫਿਰ ਫਿਰਿ ਧਰੈ ॥
(ਪੰਨਾ ੨੨੧ ਦਸਮ ਗ੍ਰੰਥ)

ਸ਼ਾਮ ਨੂੰ ਸ੍ਰੀਮਤੀ ਬੇਅੰਤ ਕੌਰ, ਮੇਰੀ ਸੁਪੱਤਨੀ, ਪ੍ਰਿੰਸੀ-ਪਲ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਨਵੀਂ ਦਿੱਲੀ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਗਰੀਬ ਨਿਵਾਜ਼ ਆਪ ਜੀ ਦੇ ਗਾਇਣ ਕੀਤੇ ਹੋਏ ਦਸਮ-ਗਰੰਥ ਦੇ ਸ਼ਬਦ ਦਾ ਆਨੰਦ ਮੈਨੂੰ ਹੁਣ ਤਕ ਆ ਰਿਹਾ ਹੈ।"

ਸੱਚੇ ਪਾਤਸਾਹ ਜੀ ਨੇ ਉਤਰ ਦਿੱਤਾ, "ਇਹ ਸ਼ਬਦ ਮੈਂ ਤੇਰੇ ਵਾਸਤੇ ਹੀ ਪੜ੍ਹਿਆ ਸੀ।" ਸਤਿਗੁਰੂ ਜੀ ਨੂੰ ਪਤਾ ਹੈ ਬੀਬੀ ਬੇਅੰਤ ਕੌਰ ਨੂੰ ਦਸਮ-ਗ੍ਰੰਥ ਸਾਹਿਬ ਦੇ ਪਾਠ ਕਰਨ ਦਾ ਤੇ ਸ਼ਬਦ ਸੁਣਨ ਦਾ ਬਹੁਤ ਸ਼ੌਕ ਹੈ।

ਅਗਲੇ ਦਿਨ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਕਾਫੀ ਦੇਰ ਦੀ ਬੈਠਕ ਉਪਰੰਤ ਬੀਬੀ ਬੇਅੰਤ ਕੌਰ ਥੋੜ੍ਹੇ ਚਿਰ ਲਈ ਕਮਰੇ ਅੰਦਰ ਗਈ। ਜਿਉਂ ਹੀ ਉਹ ਕਮਰੇ ਦੇ ਅੰਦਰ ਗਈ, ਸਤਿਗੁਰੂ ਜੀ ਨੇ ਇਕ ਚਿੱਟ ਆਪਣੇ ਸੇਵਕ ਨੂੰ ਲਿਖਕੇ ਦਿੱਤੀ, "ਬੀਬੀ ਨੂੰ ਬੁਲਾਕੇ ਲਿਆਉ।" ਮੈਂ ਉਸੇ ਵੇਲੇ ਜਾਕੇ ਕਿਹਾ, "ਜਲਦੀ ਆਸਾ ਦੀ ਵਾਰ ਵਿਚ ਚਲੋ, ਸਤਿਗੁਰੂ ਜੀ ਬੁਲਾ ਰਹੇ ਹਨ ਕਿਉਂਕਿ ਉਨ੍ਹਾਂ ਨੇ ਦਸਮ ਗ੍ਰੰਥ ਦਾ ਸ਼ਬਦ-ਪੜ੍ਹਨਾ ਹੈ।" ਬੇਅੰਤ ਕੌਰ ਦੇ ਮਨ ਅੰਦਰ ਖੁਸ਼ੀ ਦੀ ਲਹਿਰ ਦੌੜ ਉਠੀ ਤੇ ਉਹ ਸਤਿਗੁਰੂ ਜੀ ਦਾ ਇਹ ਸ਼ਬਦ ਸ੍ਰਵਨ ਕਰਕੇ ਆਪਣੇ ਭਾਗਾਂ ਦੀ ਸਰਾ-ਹੁਣਾ ਕਰ ਰਹੀ ਸੀ।

ਮੁਖ ਮੰਡਲ ਪਰ ਲਸਤ ਜੋਤਿ ਉਦੋਤ ਅਨਿਤ ਗਤ ॥
ਜਟਿਤ ਜੋਤ ਜਗਮਗਤ ਲਜਤ ਲਖ ਕੋਟਿ ਨਿਖਤਿਪਤਿ ॥
ਚੱਕ੍ਰਵਰਤਿ ਚੱਕ੍ਰਵੈ ਚੱਕ੍ਰਤ ਚਉਵੱਕ੍ਰ ਕਰਿ ਛਰਿ ॥
ਪਦਮ ਨਾਥ ਪਦਮਾਛ ਨਵਲ ਨਾਰਾਇਣ ਨਰਹਰਿ ॥
ਕਾਵਬਿਹੰਡ ਕਿਲਬਿਖ ਹਰਣ ਸੁਰ ਨਰ ਮੁਨ ਬੰਦਤ ਚਰਨ ॥
ਖੰਡਣ ਅਖੰਡ ਮੰਡਣ ਅਭੈ ਨਮੋ ਨਾਮ ਤਵ ਪੈ ਹਰਣ ॥
(ਪੰਨਾ ੧੩੦ ਦਸਮ ਗ੍ਰੰਥ)

ਇਕ ਤੇ ਸਤਿਗੁਰੂ ਅਕਾਲ ਪੁਰਖ ਦੇ ਮੁਖ ਮੰਡਲ ਦੀ ਪ੍ਰਸੰਸਾ ਅਤੇ ਦੂਸਰੇ ਸਤਿਗੁਰੂ ਜੀ ਦੇ ਆਪਣੇ ਮੁਖਾਰਬਿੰਦ ਤੋਂ ਪੂਰਨ ਰੰਗ ਵਿਚ ਗਾਇਆ ਹੋਇਆ ਸ਼ਬਦ ਸਾਰੀ ਸਾਧ-ਸੰਗਤ ਨੂੰ ਸਚਖੰਡ ਦੇ ਅਨੂਠੇ ਦਰਸ਼ਨ ਕਰਾ ਰਿਹਾ ਸੀ।

ਸੋਲਾਂ ਤਾਰੀਖ ਦੀ ਆਸਾ ਦੀ ਵਾਰ ਬਹੁਤ ਹੀ ਵਿਲੱਖਣ ਸੀ। ਇਸ ਦਿਨ ਕੁਡਾਈ ਕਨਾਲ ਤੋਂ ਬੰਗਲੌਰ ਲਈ ਚਲਣਾ ਸੀ। ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਕਿ ਸਵੇਰੇ ਸਵਾ ਦੋ ਵਜੇ ਚਲ ਪੈਣਾ ਹੈ। ਸੋ ਇਸ਼ਨਾਨ ਪਾਣੀ ਰਾਤੀਂ ਬਾਰਾਂ ਵਜੇ ਹੀ ਸ਼ੁਰੂ ਹੋ ਗਿਆ। ਡੇਢ ਕੁ ਵਜੇ ਤੋਂ ਸਾਧ-ਸੰਗਤ ਬਸ ਵਿਚ ਬੈਠਣੀ ਸ਼ੁਰੂ ਹੋ ਗਈ। ਸੱਚੇ ਪਾਤਸ਼ਾਹ ਜੀ ਨੇ ਭੀ ਦਰਸ਼ਨ ਦਿਤੇ ਅਤੇ ਢਾਈ ਕੁ ਵਜੇ ਬੱਸ ਚਲ ਪਈ।

ਹੁਕਮ ਹੋਇਆ ਤਿੰਨ ਵਜੇ ਤੋਂ ਇਕ ਘੰਟਾ ਨਾਮ ਸਿਮਰਨ ਸ਼ੁਰੂ ਹੋ ਜਾਏ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਦੀ ਕੈਸਿਟ ਲਗਾ ਦਿੱਤੀ ਗਈ ਅਤੇ ਨਿਤਨੇਮ ਸ਼ੁਰੂ ਹੋ ਗਿਆ।

ਸਤਿਗੁਰੂ ਜੀ ਸਭ ਤੋਂ ਅਗਲੀ ਸੀਟ ਤੇ ਸਨ, ਰਾਗੀਆਂ ਨੂੰ ਆਪਣੇ ਨੇੜੇ ਬਿਠਾ ਲਿਆ ਅਤੇ ਸਾਢੇ ੪ ਵਜੇ ਆਸਾ


Sri Satguru Jagjit Singh Ji eLibrary NamdhariElibrary@gmail.com

ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿੱਤਾ। ਅਜ ਦੀ ਵਾਰ ਬਗੈਰ ਸਿਤਾਰ, ਦਿਲਰੁਬਾ ਅਤੇ ਸਾਰੰਗੀ ਤੋਂ ਸੀ, ਸਿਰਫ ਤਬਲਾ ਹੀ ਵਜਦਾ ਸੀ। ਆਸਾ ਦੀ ਵਾਰ ਦੇ ਭੋਗ ਤੋਂ ਉਪ-ਰੰਤ ਰਾਗ ਕੀਰਤਨ ਖੁਲ੍ਹਾ ਚਲਦਾ ਰਿਹਾ। ਸਤਿਗੁਰੂ ਜੀ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਸੂਰਦਾਸ ਦੀਆਂ ਪੰਕਤੀਆਂ 'ਉਧੋਂ ਕਰਮਨ ਕੀ ਗਤਿ ਨਿਆਰੀ' ਤੋਂ ਆਰੰਭ ਕੀਤਾ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚੋਂ ਸ੍ਰੀ ਕ੍ਰਿਸ਼ਨ ਜੀ ਦੇ ਵਿਯੋਗ ਦੀ ਪੀੜਾ ਵਿਚ ਵਿਆਕੁਲ ਤੇ ਵਿਰਲਾਪ ਕਰਦੀਆਂ ਹੋਈਆਂ ਗੋਪੀਆਂ ਦੀ ਵਿਅਥਾ ਨੂੰ ਐਨੀ ਮਸਤੀ ਵਿਚ ਗਾਇਨ ਕੀਤਾ ਕਿ ਬੱਸ ਵਿਚ ਬੈਠੀ ਸਾਧ ਸੰਗਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੀ ਤਾਂਘ ਵਿਚ ਵਿਯੋਗ ਦੀ ਕਸਕ ਅਨੁਭਵ ਕਰਨ ਲਗ ਪਈ।

ਭਾਵੇਂ ਬੰਗਲੌਰ ਤੇ ਭਾਵੇਂ ਊਟੀ ਤੇ ਕੋਡਈ ਕਨਾਲ ਭਾਵੇਂ ਕਮਰਿਆਂ ਦੇ ਅੰਦਰ ਤੇ ਭਾਵੇਂ ਬੱਸ ਵਿਚ ਸਤਿਗੁਰੂ ਜੀ ਦੇ ਮਧੁਰ ਕੰਠ ਰਾਹੀਂ ਆਸਾ ਦੀ ਵਾਰ ਦਾ ਕੀਰਤਨ ਸਾਰੇ ਵਾਤਾਵਰਨ ਨੂੰ ਮਿੱਠੀ-ਮਿੱਠੀ ਸੁਗੰਧ ਨਾਲ ਮਹਿਕਾ ਦਿੰਦਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੰਗ ਯੁੱਧ ਦੇ ਵਿਚ ਵੀ ਆਸਾ ਦੀ ਵਾਰ ਦਾ ਕੀਰਤਨ ਨਿਯਮਾਂ ਅਨੁਸਾਰ ਕਰਦੇ ਸਨ। ਉਹੀ ਸਤਿਗੁਰੂਆਂ ਦੀ ਪ੍ਰੰਪਰਾ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਅੱਜ ਭੀ ਉਸੇ ਤਰ੍ਹਾਂ ਰਖਿਆ ਹੋਇਆ ਹੈ ਅਤੇ ਸਾਨੂੰ ਸਿਖਿਆ ਦਿੰਦੇ ਹਨ ਕਿ ਭਾਵੇਂ ਕਿੰਨੇ ਹੀ ਰੁਝੇਵੇਂ ਹੋਣ, ਭਾਵੇਂ ਕਿਹੋ ਜਿਹੀ ਹੀ ਹਾਲਤ ਹੋਵੇ, ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਵਿਚ ਕਦੇ ਨਾਗਾ ਨਹੀਂ ਆਉਣਾ ਚਾਹੀਦਾ।

**ਫਾਰਮ :**

ਬੰਗਲੌਰ ਤੋਂ ਚਾਲੀ ਕੁ ਕਿਲੋ-ਮੀਟਰ ਤੇ, ਸ਼ਹਿਰ ਦੇ ਸ਼ੋਰ-ਸ਼ਰਾਬੇ ਤੋਂ ਦੂਰ ਪ੍ਰਕ੍ਰਿਤੀ ਦੀ ਸ਼ਾਂਤਮਈ ਗੋਦ ਵਿਚ ਸਥਿਤ ਹੈ ਤਕਰੀਬਨ ੧੮੫ ਏਕੜ ਦੇ ਖੇਤਰ ਦਾ ਇਹ ਫਾਰਮ ਇਸਦਾ ਹਰੇਕ ਰੁੱਖ, ਹਰੇਕ ਬੂਟਾ, ਹਰੇਕ ਵਸਤੂ, ਸ੍ਰੀ ਠਾਕੁਰ ਉਦੇ ਸਿੰਘ ਜੀ ਦੀ ਸਖਤ ਮਿਹਨਤ ਅਤੇ ਖੇਤੀ ਬਾੜੀ ਦੀ ਰੁਚੀ ਦਾ ਪ੍ਰਗਟਾਵਾ ਕਰਦਾ ਹੈ। ਠਾਕੁਰ ਜੀ ਨੂੰ ਪੇੜ, ਪੌਦਿਆਂ, ਬੀਜਾਂ ਦਾ ਅਥਾਹ ਗਿਆਨ ਪ੍ਰਾਪਤ ਹੈ। ਉਹਨਾਂ ਨੇ ਦੇਸ਼ ਵਿਦੇਸ਼ਾਂ ਤੋਂ ਹਰ ਫਲ ਦੇ ਕਈ ਕਿਸਮਾਂ ਦੇ ਪੌਦੇ ਤੇ ਬੀਜ ਲਿਆ ਕੇ, ਉਸ ਦੀ ਕਰਾਸ ਬਰੀਡਿੰਗ ਕਰਕੇ, ਨਵੇਂ ਸਵਾਦ ਦੇ ਫਲਾਂ ਦੇ ਬੂਟੇ ਤਿਆਰ ਕੀਤੇ ਹੋਏ ਹਨ। ਜੇਕਰ ਅੰਬਾਂ ਦੇ ਬੂਟੇ ਹਨ, ਖਰਬੂਜ਼ੇ ਦੀਆਂ ਵੇਲਾਂ ਹਨ, ਨਾਰੀਅਲ ਦੇ ਰੁੱਖ ਹਨ, ਸਭ ਇਕੋ ਸਿੱਧੀ ਕਤਾਰ ਵਿਚ ਲਗੇ ਹੋਏ ਅਤਿ ਸੁੰਦਰ ਪ੍ਰਤੀਤ ਹੁੰਦੇ ਹਨ। ਬੀਜਾਂ ਨੂੰ ਸੁਰਖਿਅਤ ਰੱਖਣ ਲਈ ਏਅਰ-ਕੰਡੀਸ਼ਨਡ ਕਮਰੇ ਬਣਾਏ ਗਏ ਹਨ। ਇਸ ਵਿਸ਼ਾਲ ਫਾਰਮ ਨੂੰ ਅਤਿ ਸੁੰਦਰ ਸਵੱਛ ਬਨਾਉਣ ਲਈ ਸੈਂਕੜੇ ਨਰ-ਨਾਰੀ ਦਿਨ ਰਾਤ ਠਾਕੁਰ ਉਦੇ ਸਿੰਘ ਜੀ ਦੀ ਦੇਖ-ਰੇਖ ਹੇਠ ਅਣਥੱਕ ਮਿਹਨਤ ਰਾਹੀਂ ਫਲਾਂ-ਫੁਲਾਂ ਦੇ ਬੂਟਿਆਂ ਨੂੰ, ਰੁਖਾਂ ਨੂੰ ਜਲ ਨਾਲ ਸਿੰਜ ਕੇ ਵਧਣ ਫੁਲਣ ਵਿਚ ਸਹਾਇਤਾ ਕਰਦੇ ਹਨ।

ਸਤਿਗੁਰੂ ਜੀ ਪ੍ਰਕ੍ਰਿਤਿ ਤੇ ਵੀ ਅਥਾਹ ਕ੍ਰਿਪਾ ਕਰਦੇ ਹਨ। ਫਲ-ਫੁਲ, ਵੇਲਾਂ-ਬੂਟੇ ਸਭ ਸਤਿਗੁਰੂ ਜੀ ਦੇ ਪਵਿੱਤਰ ਹਸਤ-ਕਮਲਾਂ ਦੀ ਛੋਹ ਪ੍ਰਾਪਤ ਕਰਨ ਲਈ ਹਮੇਸ਼ਾਂ ਲਾਲਾਯਿਤ ਰਹਿੰਦੇ ਹਨ। ਉਥੋਂ ਦੀ ਧਰਤੀ ਸਤਿਗੁਰੂ ਜੀ ਦੇ ਚਰਨਾਂ ਦੀ ਛੁਹ ਪ੍ਰਾਪਤ ਕਰਨ ਲਈ ਅਤਿ ਵਿਆਕੁਲ ਰਹਿੰਦੀ ਹੈ। ਫਲਾਂ ਨਾਲ ਲੱਦੇ ਅੰਬਾਂ ਦੇ ਰੁੱਖ, ਝੁਕ ਕੇ ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕਰਨ ਲਈ ਉਤਾਵਲੇ ਰਹਿੰਦੇ ਹਨ, ਇਸ ਲਈ ਸਤਿਗੁਰੂ ਜੀ ਗਰਮੀਆਂ ਦੇ ਦਿਨਾਂ ਵਿਚ ਬੰਗਲੌਰ ਦੀ ਧਰਤੀ ਵਿਖੇ ਅੰਬ-ਖਰਬੂਜ਼ੇ ਆਦਿ ਦਾ ਰਸਾਸਵਾਦਨ ਆਪ ਤੇ ਆਪਣੇ ਸੇਵਕਾਂ ਨੂੰ ਕਰਾਉਣ ਲਈ ਉਸ ਭੂਮੀ ਤੇ ਚਰਨ ਪਾ ਕੇ ਉਥੋਂ ਦੇ ਹਰ ਕਣ-ਕਣ ਨੂੰ ਧੰਨ-ਧੰਨ ਬਣਾ ਦਿੰਦੇ ਹਨ।

ਆਸਾ ਦੀ ਵਾਰ ਦੇ ਕੀਰਤਨ ਉਪਰੰਤ ਥੋੜ੍ਹਾ ਬਹੁਤ ਜਲ ਪਾਣੀ ਛਕ ਕੇ ਸਤਿਗੁਰੂ ਜੀ ਅਤੇ ਬਾਹਰੋਂ ਆਈ ਸਾਰੀ ਸਾਧ-ਸੰਗਤ ਫਾਰਮ ਦੀ ਸੈਰ ਨੂੰ ਜਾਂਦੀ। ਫਾਰਮ ਵਿਚ ਬਣੀ ਹੋਈ ਕੋਠੀ ਦੀ ਛੱਤ ਤੇ ਬੈਠ ਕੇ ਖਰਬੂਜ਼ੇ ਅਤੇ ਅੰਬ ਛਕਣ ਦਾ ਪ੍ਰੋਗਰਾਮ ਹੁੰਦਾ। ਫਾਰਮ ਦਾ 'ਸੇਵਾਦਾਰ ਜੱਸਾ' ਸਿੰਘ ਫਲਾਂ ਦੇ ਟੋਕਰੇ ਲਿਆਕੇ ਰੱਖ ਦਿੰਦਾ। ਠਾਕਰ ਉਦੇ ਸਿੰਘ ਜੀ ਕੋਲ ਬੈਠਕੇ ਦਸਦੇ ਰਹਿੰਦੇ ਕਿ ਇਸ ਅੰਬ ਦਾ ਇਹ ਨਾਮ ਹੈ, ਇਹ ਅਸਟਰੇਲੀਆ 'ਚੋਂ ਲਿਆਂਦਾ ਸੀ ਜਾਂ ਬੈਂਕੋਕ ਤੋਂ ਲਿਆਂਦਾ ਸੀ ਇਸ ਦੇ ਬੀਜ ਨੂੰ ਕਿਸ ਤਰ੍ਹਾਂ ਕਰਾਸ ਕੀਤਾ ਗਿਆ ਹੈ ਅਤੇ ਹੁਣ ਇਹ ਕਿਸਮ ਹੈ।

ਸਤਿਗੁਰੂ ਜੀ ਅੰਬ, ਖਰਬੂਜ਼ਿਆਂ ਨੂੰ ਆਪ ਕੱਟ ਕੇ ਉਸਦਾ ਸੁਆਦ ਵੇਖਦੇ ਅਤੇ ਦੱਸਦੇ ਕਿ ਇਹ ਕਿਹੋ ਜਿਹਾ ਹੈ। ਫਿਰ ਸੱਚੇ ਪਾਤਸ਼ਾਹ ਜੀ ਫਲਾਂ ਨੂੰ ਕੱਟ-ਕੱਟ ਕੇ ਪ੍ਰਸਾਦ ਵਜੋਂ ਕੋਲ ਬੈਠਿਆਂ ਨੂੰ ਭੀ ਥੋੜ੍ਹਾ-ਥੋੜ੍ਹਾ ਦਿੰਦੇ।

ਅਸੀਂ ਸਤਿਗੁਰੂ ਜੀ ਦੇ ਪਵਿੱਤਰ ਕਰ-ਕੰਵਲਾਂ ਰਾਹੀਂ ਅੰਬਾਂ, ਖਰਬੂਜ਼ਿਆਂ ਦਾ ਪ੍ਰਸ਼ਾਦ ਪ੍ਰਾਪਤ ਕਰਕੇ ਤ੍ਰਿਪਤ ਹੁੰਦੇ। ਆਮ ਤੌਰ ਤੇ ਕੱਚੇ ਅੰਬ ਬੜੇ ਖੱਟੇ ਹੁੰਦੇ ਹਨ। ਇਸ ਫਾਰਮ ਵਿਚ ਪੱਕੇ ਹੋਏ ਅੰਬ ਤਾਂ ਅਤਿ ਮਿੱਠੇ ਤੇ ਸਵਾਦਿਸ਼ਟ ਹੁੰਦੇ ਹਨ ਪਰ ਇਕ ਵਿਸ਼ੇਸ਼ ਕਿਸਮ ਦੇ ਕੱਚੇ ਅੰਬ ਵੀ ਅਤਿਅੰਤ ਮਿੱਠੇ ਹੁੰਦੇ ਹਨ।

ਸਤਿਗੁਰੂ ਜੀ ਸਾਧ-ਸੰਗਤ ਸਮੇਤ ਫਾਰਮ ਦੇ ਵਖ-ਵਖ

Sri Satguru Jagjit Singh Ji eLibrary NamdhariElibrary@gmail.com

ਥਾਵਾਂ ਤੇ ਚਰਨ ਪਾਉਂਦੇ, ਤੇ ਵੱਖ-ਵੱਖ ਤਰ੍ਹਾਂ ਦੇ ਫਲਾਂ, ਬੂਟਿਆਂ ਦੀ ਜਾਣਕਾਰੀ ਸਾਧ-ਸੰਗਤ ਨੂੰ ਦੇ ਕੇ ਨਿਹਾਲ ਕਰਦੇ । ਕਾਲੀ ਮਿਰਚ ਦੇ ਬੂਟੇ ਤੋਂ ਪੱਤੇ ਤੋੜਕੇ ਹੁਕਮ ਕੀਤਾ "ਇਨ੍ਹਾਂ ਪੱਤਿਆਂ ਦਾ ਸੁਆਦ ਵੇਖੋ" ਉਨ੍ਹਾਂ ਪੱਤਿਆਂ ਦੀ ਇਹ ਵਿਸ਼ੇਸ਼ਤਾ ਸੀ ਕਿ ਉਨ੍ਹਾਂ ਵਿਚੋਂ ਵੀ ਕਾਲੀ ਮਿਰਚ ਦਾ ਪੂਰਨ ਸੁਆਦ ਆਉਂਦਾ । ਸਾਰੀ ਸਾਧ-ਸੰਗਤ ਹਰ ਰੋਜ਼ ਸਵੇਰੇ ਅਤੇ ਸ਼ਾਮ ਨੂੰ ਭੀ ਰੱਜਕੇ ਅੰਬ ਖਰਬੂਜ਼ੇ ਛਕਦੇ ਅਤੇ ਨਾਰੀਅਲ ਪਾਣੀ ਪੀਂਦੇ । ਸ੍ਰੀ ਸਤਿਗੁਰੂ ਜੀ ਦੀ ਛਤਰ ਛਾਂ ਵਿਚ ਬੈਠ ਕੇ ਉਹਨਾਂ ਦੇ ਚਰਨਾਂ ਦੀ ਰੱਜ ਪ੍ਰਾਪਤ ਕਰਕੇ ਫਾਰਮ ਵਿਚ ਬੈਠਾ ਹਰ ਵਿਅਕਤੀ ਆਪਣੇ ਭਾਗਾਂ ਦੀ ਸਰਾਹੁਤਾ ਕਰਦਾ । ਉਚੇ ਲੰਮੇ, ਚੁਪ-ਸ਼ਾਂਤ ਖੜੇ ਰੁਖ, ਰੰਗ ਬਿਰੰਗੇ ਭਾਂਤ-ਭਾਂਤ ਦੇ ਫੁੱਲ, ਅਨੇਕਾਂ ਭਾਂਤਾਂ ਦੇ ਅੰਬ-ਖਰਬੂਜ਼ੇ ਨਾਰੀਅਲ, ਫਲ ਵਾਤਾਵਰਨ ਵਿਚ ਸਵੱਛਤਾ, ਉਜੱਲਤਾ, ਮਿੱਠੀ-ਮਿੱਠੀ ਸੁਰ ਵਿਚ ਬੋਲ ਰਹੇ ਮੋਰ ਤੇ ਕੋਇਲਾਂ ਬਾਰ-ਬਾਰ ਸੁਨੇਹਾ ਦੇ ਰਹੇ ਸਨ ਕਿ ਅਰਸ਼ਾਂ ਦਾ ਸਵਰਗ ਇਸ ਫਰਸ਼ਾਂ ਤੇ ਉਤਰ ਆਇਆ ਹੈ ।

ਜਦੋਂ ਸੱਚੇ ਪਾਤਸ਼ਾਹ ਜੀ ਫਾਰਮ ਵਿਚ ਜਾਂਦੇ ਤਾਂ ਉਥੇ ਕੰਮ ਕਰਨ ਵਾਲੇ ਲੋਕ ਜਿਹੜੇ ਉਸ ਪਾਸੇ ਦੇ ਸਨ, ਬੜੇ ਸਤਿਕਾਰ ਨਾਲ ਸੜਕ ਤੇ ਖਲੋ ਕੇ ਨਮਸਕਾਰ ਕਰਦੇ । ਪਤਾ ਨਹੀਂ ਸੱਚੇ ਪਾਤਸ਼ਾਹ ਇਨ੍ਹਾਂ ਲੋਕਾਂ ਦੇ ਭਲੇ ਵਾਸਤੇ ਹੀ ਬਣਾਇਆ ਹੈ ਕਿਉਂਕਿ ਸਤਿਗੁਰੂ ਕਿਸੇ ਇਕ ਜਾਤੀ, ਕੌਮ, ਦੇਸ਼ ਦਾ ਨਹੀਂ ਹੁੰਦਾ । ਉਹ ਪੂਰਾ ਹੈ ਅਤੇ ਸਭਨਾਂ ਦੇ ਘਾਟਿਆਂ ਤੇ ਕਮੀਆਂ ਨੂੰ ਪੂਰਨ ਕਰਦੇ ਹਨ । ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ—

ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ ॥
ਪੂਰੈ ਥਾਨਿ ਸੁਹਾਵਣੈ ਪੂਰੈ ਆਸ ਨਿਰਾਸ ॥
ਨਾਨਕ ਪੂਰਾ ਜੇ ਮਿਲੈ ਕਿਉ ਘਾਟੈ ਗੁਣਤਾਸ ॥

ਠਾਕਰ ਉਦੈ ਸਿੰਘ ਜੀ ਨੇ ਫਾਰਮ ਦਾ ਕਾਰ ਵਿਹਾਰ ਇਕ ਬੜੇ ਹੀ ਸੁਚੱਜੇ ਅਤੇ ਵਿਗਿਆਨਕ ਤਰੀਕੇ ਨਾਲ ਕੀਤਾ ਹੋਇਆ ਹੈ । ਵੱਖ-ਵੱਖ ਕਿਸਮਾਂ ਦੇ ਬੀਜਾਂ ਨੂੰ ਜਾਚਣ ਵਾਸਤੇ ਇਕ ਪ੍ਰਯੋਗਸ਼ਾਲਾ ਬਣਾਈ ਹੋਈ ਹੈ । ਬੀਜਾਂ ਨੂੰ ਰੱਖਣ ਵਾਸਤੇ ਇਕ ਵਾਤਾਅਨੁਕੂਲ ਕਮਰਾ ਹੈ, ਜਿਸ ਵਿਚ ਰੱਖਣ ਨਾਲ ਬੀਜ ਖਰਾਬ ਨਹੀਂ ਹੁੰਦੇ । ਬੂਟਿਆਂ ਨੂੰ ਪਾਣੀ ਦੇਣ ਦਾ ਤਰੀਕਾ ਭੀ ਆਧੁਨਿਕ ਹੈ । ਜਿੰਨੀ ਲੋੜ ਹੁੰਦੀ ਹੈ ਓਨਾ ਹੀ ਪਾਣੀ ਬੂਟਿਆਂ ਨੂੰ ਮਿਲਦਾ ਹੈ, ਇਕ ਬੂੰਦ ਭੀ ਜ਼ਾਇਆ ਨਹੀਂ ਜਾ ਸਕਦੀ । ਬੀਜ ਜੋ ਏਥੇ ਬਣਦਾ ਹੈ ਬਾਹਰਲੇ ਮੁਲਕਾਂ ਵਿਚ ਭੇਜਿਆ ਜਾਂਦਾ ਹੈ ।

ਇਸ ਸਾਰੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਸਤੇ ਬੰਗਲੌਰ ਇਕ ਦਫਤਰ ਬਣਾਇਆ ਹੈ ਜਿਸ ਵਿਚ ਟੈਲੀਫੋਨ ਅਤੇ ਫੈਕਸ ਦਾ ਬੰਦੋਬਸਤ ਭੀ ਹੈ । ਇਹ ਫਾਰਮ ਵੇਖ ਕੇ ਤੇ ਸ਼ਾਇਦ ਕੋਈ ਭੀ ਪੜ੍ਹਿਆ ਲਿਖਿਆ ਇਨਸਾਨ ਖੇਤੀ ਬਾੜੀ ਦਾ ਕੰਮ ਕਰਨ ਤੋਂ ਸੰਕੋਚ ਨਾ ਕਰੇ । ਠਾਕੁਰ ਜੀ ਹਰ ਲਿਹਾਜ਼ ਨਾਲ ਪ੍ਰਸੰਸਾ ਅਤੇ ਵਧਾਈ ਦੇ ਪਾਤਰ ਹਨ । ਠਾਕੁਰ ਜੀ ਦੇ ਘਰੋਂ ਬੀਬੀ ਗੁਰਸ਼ਰਨ ਕੌਰ ਇਕ ਪੜ੍ਹੀ ਲਿਖੀ ਇਸਤਰੀ ਹਨ ਅਤੇ ਡੇਰੇ ਦਾ ਪ੍ਰਬੰਧ ਬੜੇ ਸੁਚੱਜੇ ਢੰਗ ਨਾਲ ਸੰਭਾਲਿਆ ਹੋਇਆ ਹੈ । ਆਈ ਸਾਧ-ਸੰਗਤ ਦਾ ਪੂਰਨ ਧਿਆਨ ਰਖਦੇ ਹਨ ।

**ਆਨੰਦ ਆਨੰਦ :**

ਜਦੋਂ ਸਵੇਰੇ ਸ਼ਾਮ ਲੰਗਰ ਛੱਕਣ ਦਾ ਵੇਲਾ ਹੁੰਦਾ ਸਾਰਾ ਗੁਰੂ ਪਰਿਵਾਰ ਇਕੱਠਾ ਹੋ ਕੇ ਇਕ ਥਾਂ ਤੇ ਪ੍ਰਸ਼ਾਦਾ ਛਕਦਾ । ਇਹ ਬੜਾ ਹੀ ਪ੍ਰੇਮ, ਪਿਆਰ ਅਤੇ ਸਤਿਕਾਰ ਵਾਲਾ ਵਾਤਾਵਰਨ ਹੁੰਦਾ । ਮਾਤਾ ਜੀ ਅਤੇ ਬੀਬੀ ਗੁਰਸ਼ਰਨ ਕੌਰ ਸੇਵਾ ਵਿਚ ਰੁਝੇ ਰਹਿੰਦੇ । ਸਤਿਗੁਰੂ ਜੀ ਪ੍ਰਸ਼ਾਦੇ ਦਾ ਆਨੰਦ ਤੇ ਲੈਂਦੇ ਹੀ, ਉਸਦੇ ਨਾਲ ਅੰਮ੍ਰਿਤ-ਮਈ ਬਚਨ ਕਰਕੇ ਸਾਰੇ ਵਾਤਾਵਰਨ ਵਿਚ ਖੁਸ਼ੀਆਂ ਬਿਖੇਰ ਦਿੰਦੇ । ਸੱਚੇ ਪਾਤ-ਸ਼ਾਹ ਜੀ, ਇਕ ਪਲ ਠਾਕੁਰ ਉਦੈ ਸਿੰਘ ਜੀ ਨਾਲ ਅੰਬਾਂ ਦੇ ਸੁਆਦ ਬਾਰੇ ਬਚਨ ਕਰਦੇ ਰਹੇ ਹਨ ਤਾਂ ਦੂਸਰੇ ਪਲ ਮਾਤਾ ਜੀ ਨਾਲ ਭਾਜੇ ਦੀ ਤਾਰੀਫ ਕਰ ਰਹੇ ਹੁੰਦੇ ।

ਏਥੇ ਭੀ ਸੱਚੇ ਪਾਤਸ਼ਾਹ ਸਾਨੂੰ ਅਮਲੀ ਰੂਪ ਵਿਚ ਦਰਸਾ ਰਹੇ ਸਨ ਕਿ ਆਪਣੇ ਟੱਬਰ ਵਿਚ ਬੈਠਕੇ ਕਿਸ ਤਰ੍ਹਾਂ ਪ੍ਰੇਮ ਪਿਆਰ ਨਾਲ ਪ੍ਰਸ਼ਾਦਾ ਛਕਣਾ ਚਾਹੀਦਾ ਹੈ, ਕਿਸ ਤਰ੍ਹਾਂ ਵਾਤਾਵਰਨ ਨੂੰ ਹਰ ਵੇਲੇ ਖੇੜੇ ਭਰਪੂਰ ਬਣਾਈ ਰੱਖਣਾ ਚਾਹੀਦਾ । ਆਪ ਖੁਸ਼ ਰਹੋ ਤੇ ਆਪਣੇ ਸੰਗੀ ਸਾਥੀਆਂ ਨੂੰ ਹਰ ਵੇਲੇ ਖੇੜੇ ਖੁਸ਼ੀਆਂ ਪ੍ਰਦਾਨ ਕਰੋ ।

ਨੌਂ ਮਈ ਨੂੰ ਸਤਿਗੁਰੂ ਜੀ ਨੇ ਹਾਲੀ ਪ੍ਰਸ਼ਾਦਾ ਛਕਿਆ ਹੀ ਸੀ ਕਿ ਇਕ ਸੇਵਕ ਨੇ ਕਿਉੜੇ ਦੇ ਫੁੱਲ ਤੇ ਪੱਤੇ ਲਿਆ ਕੇ ਭੇਟ ਕੀਤੇ । ਸੱਚੇ ਪਾਤਸ਼ਾਹ ਜੀ ਨੇ ਉਨ੍ਹਾਂ ਦੀ ਵਾਸ਼ਨਾ ਲਈ ਅਤੇ ਪ੍ਰਸੰਸਾ ਕੀਤੀ ਕਿ ਇਸ ਵਿਚੋਂ ਭੀ ਕਿਉੜੇ ਦੀ ਸੁਗੰਧੀ ਆ ਰਹੀ ਹੈ । ਉਪਰੰਤ ਇਕ ਫੁਲ ਸੰਤ ਜਗਤਾਰ ਸਿੰਘ ਜੀ ਨੂੰ ਦਿੱਤਾ ਕਿ ਇਸ ਦੀ ਵਾਸ਼ਨਾ ਵੇਖੋ । ਉਹਨਾਂ ਨੇ ਵਾਸ਼ਨਾ ਲੈ ਕੇ ਮੈਨੂੰ ਦੇ ਦਿੱਤਾ । ਸਾਰਾ ਵਾਤਾਵਰਨ ਕਿਉੜੇ ਦੀ ਸੁਗੰਧੀ ਨਾਲ ਸੁਗੰਧਿਤ ਹੋ ਗਿਆ । ਮੈਂ ਸਤਿ-ਗੁਰੂ ਜੀ ਨੂੰ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਇਸ ਦਾ ਬੂਟਾ ਕਿੱਡਾ ਕੁ ਵੱਡਾ ਹੁੰਦਾ ਹੈ । ਸੱਚੇ ਪਾਤਸ਼ਾਹ ਜੀ ਨੇ ਝੱਟ ਕਿਹਾ, "ਆ ਤੈਨੂੰ ਵਿਖਾਵਾਂ ।" ਡੇਰੇ ਦੇ ਬਾਹਰ ਹੀ ਇਸ ਦਾ ਬੂਟਾ ਲਗਿਆ ਹੋਇਆ ਸੀ । ਸਤਿਗੁਰੂ ਜੀ ਨੇ


Sri Satguru Jagjit Singh Ji eLibrary NamdhariElibrary@gmail.com

ਸੰਤ ਬੂਟਾ ਸਿੰਘ ਜੀ ਨੂੰ ਕਿਉੜੇ ਦੇ ਬੂਟੇ ਨਾਲ ਤੁਲਨਾ ਦਿੱਤੀ ਤੇ ਕਿਉੜੇ ਦੇ ਬੂਤੇ ਅਗੇ ਖੜਾ ਕਰ ਦਿਤਾ ਅਤੇ ਉਸ ਵਲ ਉਂਗਲ ਕਰਕੇ ਮੈਨੂੰ ਕਿਹਾ, "ਉਹ ਵੇਖ ! ਬੂਟਾ।"

ਸਾਰੀ ਸਾਧ-ਸੰਗਤ ਨੇ ਇਸ ਦ੍ਰਿਸ਼ ਦਾ ਪੂਰਨ ਆਨੰਦ ਮਾਣਿਆ।

ਇਹੋ ਜਿਹੇ ਆਨੰਦ ਬਾਰੇ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ :

ਆਨੰਦ ਆਨੰਦੁ ਸਭ ਕੋ ਕਹੈ ਆਨੰਦ ਗੁਰੂ ਤੇ ਜਾਣਿਆ ॥
ਜਾਣਿਆ ਆਨੰਦ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥

**ਖੇਡਾਂ :**

ਆਪਣੇ ਜੀਵਨ ਨੂੰ ਭਰਪੂਰ ਸਫਲ ਬਨਾਉਣ ਵਾਸਤੇ ਸਿਹਤ ਦਾ ਰਿਸ਼ਟ ਪੁਸ਼ਟ ਅਤੇ ਅਰੋਗ ਹੋਣਾ ਅਤਿ ਆਵਸ਼ਕ ਹੈ। ਇਸ ਵਾਸਤੇ ਜਿਥੇ ਪੌਸ਼ਟਿਕ ਅਹਾਰ ਦੀ ਲੋੜ ਹੈ ਉਥੇ ਸਰੀਰ ਨੂੰ ਤਾਕਤਵਰ ਬਨਾਉਣ ਲਈ ਕਸਰਤ ਅਤੇ ਖੇਡਾਂ ਭੀ ਆਵਸ਼ਕ ਹਨ। ਭਜਨ ਬਾਣੀ ਦਾ ਨਾਮ ਸਿਮਰਨ ਭੀ ਤਾਂ ਹੋ ਸਕਦਾ ਹੈ ਜੇਕਰ ਸਰੀਰ ਅਰੋਗ ਹੋਵੇ।

ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਸੇਵਕਾਂ ਨੂੰ ਜਿਥੇ ਵਧੀਆ ਸ਼ੁੱਧ ਅਤੇ ਪੌਸ਼ਟਿਕ ਭੋਜਨ ਛੱਕਣ ਦੀ ਆਗਿਆ ਕਰਦੇ ਹਨ ਉਥੇ ਸਰੀਰ ਨੂੰ ਅਰੋਗ ਰਖਣ ਲਈ ਭੀ ਵੱਖ ਵੱਖ ਖੇਡਾਂ ਅਤੇ ਕਸਰਤਾਂ ਲਈ ਪ੍ਰੇਰਦੇ ਰਹਿੰਦੇ ਹਨ। ਸਤਿਗੁਰੂ ਜੀ ਫੁਟਬਾਲ ਵਾਲੀਵਾਲ ਹਾਕੀ ਅਤੇ ਬੈਡਮਿੰਟਨ ਵਿਚ ਬਹੁਤ ਰੁਚੀ ਰਖਦੇ ਹਨ। ਬੰਗਲੌਰ ਹਰ ਦਿਨ ਸ਼ਾਮ ਦੇ ਕੀਰਤਨ ਉਪਰੰਤ ਖੇਡਾਂ ਦਾ ਪ੍ਰੋਗਰਾਮ ਹੁੰਦਾ। ਮਿਲਕੇ ਸਾਰੇ ਫੁਟਬਾਲ ਜਾਂ ਵਾਲੀਬਾਲ ਖੇਡਦੇ। ਸਤਿਗੁਰੂ ਜੀ ਆਪ ਭੀ ਖੇਡਾਂ ਵਿਚ ਹਿੱਸਾ ਲੈਂਦੇ ਅਤੇ ਬਾਹਰ ਬੈਠੇ ਦਰਸ਼ਕ ਇਸ ਖੇਡ ਦਾ ਆਨੰਦ ਮਾਣਦੇ।

ਛੋਟੇ ਬੱਚਿਆਂ ਦੀਆਂ ਦੌੜਾਂ ਭੀ ਹੁੰਦੀਆਂ। ਬੀਬੀ ਜੈ ਕੌਰ ਅਤੇ ਕਾਕਾ ਜੈ ਸਿੰਘ ਦੀ ਦੌੜ ਬੜੀ ਰੌਚਕ ਹੁੰਦੀ।

**ਪਰਵਤਾ ਰੋਹਨ :**

ਸਤਿਗੁਰੂ ਸੱਚੇ ਪਾਤਸ਼ਾਹ ਗਰਮੀਆਂ ਦੇ ਦਿਨਾਂ ਵਿਚ ਪਹਾੜਾਂ ਦੀ ਸੈਰ ਆਪ ਵੀ ਕਰਦੇ ਹਨ ਤੇ ਆਪਣੇ ਸਿੱਖ ਸੇਵਕਾਂ ਨੂੰ ਵੀ ਕਰਵਾਉਂਦੇ ਹਨ। ਊਟੀ-ਕੋਡਾਈ ਕਨਾਲ ਪਹਾੜ, ਆਪਣੀ ਸੁੰਦਰਤਾ ਤੇ ਸੀਤਲਤਾ ਕਰਕੇ ਪ੍ਰਸਿੱਧ ਹਨ। ਇਥੇ ਵੱਡੀਆਂ ਵੱਡੀਆਂ ਝੀਲਾਂ ਹਨ, ਜਿਨ੍ਹਾਂ ਵਿਚ ਯਾਤਰੀ ਲੋਕ ਕਿਸ਼ਤੀਆਂ ਵਿਚ ਸੈਰ ਕਿਰਕੇ ਆਨੰਦ ਪ੍ਰਾਪਤ ਕਰਦੇ ਹਨ। ਪ੍ਰਕ੍ਰਿਤਿ ਦੀ ਸੁੰਦਰਤਾ ਵੀ ਅਨੂਠੀ ਹੈ। ਉੱਚੇ-ਉੱਚੇ ਪਰਬਤ ਸਿਖਰਾਂ ਦੀਆਂ ਚੋਟੀਆਂ ਗਗਨ ਨੂੰ ਛੋਹਣ ਵਾਲੇ ਚੁਪ-ਚਾਪ ਸ਼ਾਂਤ ਖਲੋਤੇ ਅਨੇਕ ਭਾਂਤਾਂ ਦੇ ਰੁੱਖ ਕੱਲ-ਕੱਲ ਕਰਦੇ ਝਰਨੇ ਵੱਖ-ਵੱਖ ਤਰ੍ਹਾਂ ਦੀ ਸੁਗੰਧੀ ਪ੍ਰਦਾਨ ਕਰਨ ਵਾਲੇ ਅਨੇਕਾਂ ਤਰ੍ਹਾਂ ਦੇ ਫੁੱਲ, ਖਾਣ ਵਾਲੇ ਸਵਾਦਿਸ਼ਟ ਭਾਂਤਿ-ਭਾਂਤਿ ਦੇ ਫਲ, ਵਲ-ਵਲਾਵੇ ਵਾਲੀਆਂ ਟੇਢੀਆਂ-ਮੇਢੀਆਂ ਸੜਕਾਂ ਆਪਣੇ ਆਪ ਵਿਚ ਅਨੇਕ ਵਿਸ਼ੇਸ਼ਤਾਵਾਂ ਰਖਦੇ ਹਨ ਤੇ ਅਣਗਿਣਤ ਯਾਤਰੂਆਂ ਨੂੰ ਆਪਣੇ ਵਲ ਆਕਰਸ਼ਤ ਕਰਦੇ ਹਨ।

ਬੰਗਲੌਰ ਦਾ ਆਨੰਦ ਮਾਨਣ ਤੋਂ ਉਪਰੰਤ ਹੁਣ ਵਾਰੀ ਆਈ ਇਹਨਾਂ ਪਹਾੜਾਂ ਤੇ ਸੈਰ ਕਰਨ ਦੀ। ਊਟੀ ਪਹੁੰਚਦੇ ਹੀ ਇੰਦਰ ਦੇਵਤੇ ਨੇ ਰਿਮ ਝਿਮ ਕਰਕੇ ਸਤਿਗੁਰੂ ਜੀ ਦਾ ਨਿੱਘਾ ਸਵਾਗਤ ਕੀਤਾ ਅਤੇ ਮੌਸਮ ਬਹੁਤ ਹੀ ਸੁਹਾਵਣਾ ਬਣਾ ਦਿੱਤਾ। ਹਿਲ ਪੈਲੇਸ ਹੋਟਲ ਸਤਿਗੁਰੂ ਜੀ ਤੇ ਸਾਧ-ਸੰਗਤ ਦੀ ਚਰਨ-ਛੁਹ ਪਾਣ ਲਈ ਬੇਕਰਾਰ ਸੀ।

ਸਤਿਗੁਰੂ ਜੀ ਦੇ ਆਦੇਸ਼ਾਂ ਅਨੁਸਾਰ ਬੰਕੋਕ ਤੋਂ ਸੰਤ ਪ੍ਰੇਮ ਸਿੰਘ ਜੀ, ਸੰਤ ਪ੍ਰਿਥੀਪਾਲ ਸਿੰਘ ਜੀ ਅਤੇ ਸੰਤ ਨਿਰਭੈ ਸਿੰਘ ਜੀ ਬੰਗਲੌਰ ੧੦/੫ ਰਾਤ ਨੂੰ ਪਹੁੰਚ ਗਏ ਸਨ। ਇਹ ਉਚੇਚੇ ਤੌਰ ਤੇ ਵੀਡੀਓ ਫਿਲਮ ਬਨਾਉਣ ਵਾਸਤੇ ਹੀ ਆਏ ਸਨ। ਸੰਤ ਪ੍ਰੇਮ ਸਿੰਘ ਜੀ ਆਪਣੇ ਵੀਡੀਓ ਕੈਮਰੇ ਵਿਚ ਸ੍ਰੀ ਸਤਿਗੁਰੂ ਜੀ ਜਿਹੜੇ ਸਥਾਨ ਨੂੰ ਵੀ ਭਾਗ ਲਾਉਂਦੇ, ਉਸਨੂੰ ਸੰਭਾਲ ਲੈਂਦੇ। ਇਕ ਊਟੀ ਦੇ ਮਨਮੋਹਕ ਦ੍ਰਿਸ਼ ਤੇ ਦੂਸਰੇ ਸਤਿਗੁਰੂ ਜੀ ਦੇ ਦਰਸ਼ਨਾਂ ਨੇ ਪ੍ਰੇਮ ਸਿੰਘ ਜੀ ਨੂੰ ਆਪਣੇ ਕੈਮਰੇ ਵਿਚ ਉਤਾਰਨ ਲਈ ਵਿਵੱਸ਼ ਕਰ ਦਿੱਤਾ।

ਸਾਰਾ ਦਿਨ ਪਹਾੜਾਂ ਦੇ ਵੱਖ-ਵੱਖ ਥਾਂਵਾਂ ਦੀ ਸੈਰ ਤੇ ਸਵੇਰੇ ਸ਼ਾਮ ਕੀਰਤਨ ਦਾ ਆਨੰਦ।

ਸ਼ਾਮ ਨੂੰ ਸਤਿਗੁਰੂ ਜੀ ਦੇ ਡੇਰੇ ਕੀਰਤਨ ਆਰੰਭ ਹੋਇਆ। ਰਾਗੀਆਂ ਨੇ ਪਹਿਲਾ ਸ਼ਬਦ ਪੜ੍ਹਿਆ—

ਗੁਨ ਨਾਦ ਧੁਨਿ ਅਨੰਦ ਬੇਦ ॥
ਕਥਤ ਸੁਨਤ ਮੁਨਿ ਜਨਾ ਮਿਲਿ ਸੰਤ ਮੰਡਲੀ ॥੧॥
ਗਿਆਨ ਧਿਆਨ ਮਾਨ ਦਾਨ ਮਨ ਰਸਿਕ
ਰਸਨ ਨਾਮੁ ਜਪਤ ਤਹ ਪਾਪ ਖੰਡਲੀ ॥੧॥
ਜੁਗ ਜੁਗਤਿ ਗਿਆਨ ਭੁਗਤਿ ਸੁਰਤਿ
ਸਬਤ ਤਤ ਬੇਤੇ ਜਪੁ ਤਪੁ ਅਖੰਡਲੀ ॥
ਓਤਿ ਪੋਤਿ ਮਿਲਿ ਜੋਤਿ ਨਾਨਕ
ਕਛੂ ਦੁਖੁ ਨ ਡੰਡਲੀ ॥ (ਪੰਨਾ ੧੩੨੨ ਮ: ੫)

ਰਾਗੀ ਬੜੀ ਮਸਤੀ ਵਿਚ ਸ਼ਬਦ ਪੜ੍ਹ ਰਹੇ ਸਨ। ਸਾਰੇ ਹੀ ਸਰੋਤਾ ਜਨ ਮੰਤ੍ਰ ਮੁਗਧ ਹੋਏ ਹੋਏ ਸਨ। ਸਤਿਗੁਰੂ ਜੀ ਦਾ ਹਜ਼ੂਰੀ ਵਿਚ ਰਾਗੀਆਂ ਸਮੇਤ ਇਸ ਸ਼ਬਦ ਦਾ ਗਾਇਨ ਅਤੇ ਸਫੈਦ ਬਸਤਰਾਂ ਵਿਚ ਨਾਮ ਸਿਮਰਨ ਕਰ ਰਹੀ ਸਾਧ-ਸੰਗਤ, ਸੱਚ-ਮੁੱਚ ਹੀ ਦਰਸਾ ਰਹੀ ਸੀ ਕਿ ਸੰਤਾਂ ਦੀ ਮੰਡਲੀ ਸਤਿਗੁਰੂ ਅਕਾਲ ਪੁਰਖ ਦਾ ਧੁਨਾਂ ਰਾਹੀਂ ਗੁਣਗਾਨ


Sri Satguru Jagjit Singh Ji eLibrary NamdhariElibrary@gmail.com

ਕਰ ਰਹੀ ਹੈ। ਸਭ ਦਾ ਦਿਲ ਕਰਦਾ ਹੈ ਕਿ ਇਹ ਵਾਤਾਵਰਨ ਹਮੇਸ਼ਾਂ-ਹਮੇਸ਼ਾਂ ਲਈ ਬਣਿਆ ਰਹੇ ਤੇ ਕਦੇ ਵੀ ਨਾ ਮੁੱਕੇ।

ਊਟੀ ਵਿਚ ਝੀਲ ਦੇ ਕਿਨਾਰੇ ਇਕ ਛੋਟਾ ਜਿਹਾ ਸਟੇਸ਼ਨ ਬਣਿਆ ਹੈ, ਤੇ ਚਾਰ-ਪੰਜ ਡੱਬਿਆਂ ਦੀ ਇਕ ਰੇਲ ਗੱਡੀ ਬੱਚਿਆਂ ਦੀ ਸੈਰ ਕਰਾਕੇ ਮਨੋਰੰਜਨ ਪ੍ਰਦਾਨ ਕਰਦੀ ਹੈ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਅਪਾਰ ਕ੍ਰਿਪਾ ਸਦਕਾ ਬੱਚੇ, ਇਸਤਰੀਆਂ ਨੂੰ ਇਸ ਗੱਡੀ ਵਿਚ ਸੈਰ ਕਰਨ ਦਾ ਅਵਸਰ ਪ੍ਰਾਪਤ ਹੋਇਆ। ਸਤਿਗੁਰੂ ਜੀ ਆਪਣੇ ਸਿੱਖਾਂ ਸੇਵਕਾਂ ਸਮੇਤ ਸੰਗਤਾਂ ਨੂੰ ਦਰਸ਼ਨ ਦੇ ਰਹੇ ਸਨ, ਜਦੋਂ ਪੂਜਯ ਮਾਤਾ ਚੰਦ ਕੌਰ ਜੀ ਦੀ ਛਤਰ ਛਾਂ ਹੇਠ ਬੀਬੀ ਸਾਹਿਬ ਕੌਰ, ਬੀਬੀ ਗੁਰਸ਼ਰਨ ਕੌਰ ਤੇ ਹੋਰ ਮਾਈਆਂ ਬੀਬੀਆਂ ਇਸ ਛੋਟੀ ਜਿਹੀ ਗੱਡੀ ਵਿਚ ਸਵਾਰ ਹੋਕੇ ਝੀਲ ਦੇ ਕੰਢੇ ਗੱਡੀ ਦੇ ਸਫਰ ਦਾ ਰੱਜਕੇ ਆਨੰਦ ਮਾਣ ਰਹੇ ਸਨ।

ਊਟੀ ਨੂੰ ਭਾਗ ਲਾਕੇ ਸਤਿਗੁਰੂ ਜੀ ਸਾਧ-ਸੰਗਤ ਨਾਲ ਇਕ ਬੜੀ ਆਰਾਮਦਾਇਕ ਡੀਲੈਕਸ ਬਸ ਵਿਚ ਸੁਸ਼ੋਭਿਤ ਹੋ ਕੇ ਰਸਤੇ ਵਿਚ ਰੁਕਦੇ ਰੁਕਾਂਦੇ ਸ਼ਾਮ ਨੂੰ ਚਾਰ ਕੁ ਵਜੇ ਕੁਡਾਈ ਕਨਾਲ ਪਹੁੰਚ ਗਏ। ਸਤਿਗੁਰੂ ਜੀ ਦਾ ਡੇਰਾ ਹੋਟਲ ਪੈਰਾਡਾਈਸਇਨ ਵਿਚ ਸੀ। ਰਾਗੀ ਜਥਾ ਭੀ ਏਥੇ ਹੀ ਸੀ। ਬਾਕੀ ਦੀ ਸਾਧ ਸੰਗਤ ਉਥੋਂ ਥੋੜ੍ਹੇ ਹੀ ਫਾਸਲੇ ਤੇ ਕੀਥ ਲਾਜ ਵਿਚ ਸੀ।

੧੪/੫ ਨੂੰ ਕੁਡਾਈ ਕਨਾਲ ਦੇ ਪ੍ਰਸਿੱਧ ਸਥਾਨਾਂ ਨੂੰ ਵੇਖਣ ਦਾ ਪ੍ਰੋਗਰਾਮ ਬਣਾਇਆ। ਪਰ ਧੁੰਦ ਜ਼ਿਆਦਾ ਹੋਣ ਕਰਕੇ ਕੁਝ ਭੀ ਨਜ਼ਰ ਨਹੀਂ ਸੀ ਆ ਰਿਹਾ। ਤਿੰਨ ਚਾਰ ਘੰਟੇ ਇਸੇ ਤਰ੍ਹਾਂ ਘੁੰਮਕੇ ਅਤੇ ਲੇਕ ਵਿਚ ਬੋਟਿੰਗ ਕਰਕੇ ਸ਼ਾਮ ਨੂੰ ਚਾਰ ਵਜੇ ਡੇਰੇ ਵਾਪਸ ਆ ਗਏ। ਅਸੀਂ ਰਾਗੀਆਂ ਦੇ ਕਮਰੇ ਵਿਚ ਸੰਤ ਹਰਭਜਨ ਸਿੰਘ ਜੀ ਨਾਲ ਗਲ ਕੀਤੀ ਕਿ ਸਾਡੇ ਕਿੰਨੇ ਮੰਦੇ ਭਾਗ ਹਨ ਕਿ ਨਾ ਅਸੀਂ ਸਵੇਰੇ ਆਸਾ ਦੀ ਵਾਰ ਸੁਣ ਸਕਦੇ ਹਾਂ ਨਾ ਹੀ ਸ਼ਾਮ ਦਾ ਦਿਵਾਨ ਕਿਉਂਕਿ ਕਮਰੇ ਛੋਟੇ ਸਨ ਅਤੇ ਸਾਧ-ਸੰਗਤ ਦੇ ਬੈਠਣ ਦੀ ਥਾਂ ਘੱਟ ਸੀ। ਏਨੇ ਨੂੰ ਸਤਿਗੁਰੂ ਜੀ ਦਾ ਟੈਲੀਫੋਨ ਆ ਗਿਆ ਹਰਭਜਨ ਸਿੰਘ ਹੋਰਾ ਨੂੰ ਕਿ ਸਾਜ਼ ਲੈ ਕੇ ਆ ਜਾਓ। ਹਰਭਜਨ ਸਿੰਘ ਜੀ ਨੇ ਨਾਲ ਹੀ ਸਾਡੇ ਬਾਰੇ ਅਰਜ਼ ਕਰ ਦਿਤੀ ਕਿ ਸਾਨੂੰ ਸਤਿਗਰੂ ਜੀ ਦੇ ਦਰਸ਼ਨ ਕਰਨ ਦਾ ਅਤੇ ਕੀਰਤਨ ਸੁਣਨ ਦਾ ਸ਼ੁਭ ਅਵਸਰ ਹੀ ਨਹੀਂ ਮਿਲ ਰਿਹਾ। ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕੀਤੀ ਅਤੇ ਸਾਨੂੰ ਵੀ ਉਥ ਕੀਰਤਨ ਸੁਣਨ ਲਈ ਬੁਲਾ ਲਿਆ। ਸਾਡੀ ਖੁਸ਼ੀ ਦੀ ਤੇ ਹੱਦ ਨਾ ਰਹੀ। ਹੁਣੇ ਹੁਣੇ ਅਸੀਂ ਸ਼ਿਕਵਾ ਕੀਤਾ ਅਤੇ ਝੱਟ ਪਟ ਉਸਦੀ ਸੁਣਵਾਈ ਭੀ ਹੋ ਗਈ।

ਸਤਿਗੁਰੂ ਜੀ ਨੇ ਕੀਰਤਨ ਦਾ ਆਰੰਭ 'ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂੜ' ਦੇ ਗਾਇਨ ਨਾਲ ਕੀਤਾ। ਇਸ ਤੋਂ ਬਾਅਦ ਸੱਚੇ ਪਾਤਸ਼ਾਹ ਜੀ ਨੇ ਦਸਮ ਗ੍ਰੰਥ ਵਿਚੋਂ 'ਮੁਖ ਮੰਡਲ ਪਰ ਲਸਤ ਜੋਤ' ਬੜੀ ਸੁੰਦਰ ਧੁਨ ਵਿਚ ਗਾਇਨ ਕੀਤਾ।

ਅੰਦਰ ਅਕਾਲ ਪੁਰਖ ਦੀ ਸੁੰਦਰਤਾ ਦਾ ਵਰਨਣ ਬੜੀਆਂ ਸੁੰਦਰ ਧੁਨਾਂ ਰਾਹੀਂ ਕੀਤਾਂ ਜਾ ਰਿਹਾ ਸੀ ਅਤੇ ਬਾਹਰ ਇੰਦਰ ਦੇਵਤਾ ਰੀਝ ਕੇ ਰਿਮਝਿਮ ਕਰ ਰਿਹਾ ਸੀ। ਮੌਸਮ ਭੀ ਠੰਡਾ ਅਤੇ ਸਤਿਗੁਰੂ ਜੀ ਦਾ ਦਰਸ਼ਨ ਮਨ ਨੂੰ ਹੋਰ ਵੀ ਸ਼ਾਂਤੀ ਅਤੇ ਠੰਡਕ ਪ੍ਰਦਾਨ ਕਰ ਰਿਹਾ ਸੀ। ਸ਼ਬਦ ਦਾ ਭੋਗ ਪੈਣ ਤੋਂ ਉਪਰੰਤ ਹੁਣ ਵਾਰੀ ਆਈ ਵੱਖ-ਵੱਖ ਵੱਖ ਰਾਗਾਂ ਵਿਚ ਨਿਬੱਧ ਭਜਨ ਗਾਇਨ ਕਰਨ ਦੀ। ਸਤਿਗੁਰੂ ਜੀ ਨੇ ਸੂਰਦਾਸ ਜੀ ਦੀ ਰਚਨਾ—

ਹਮਾਰੇ ਪ੍ਰਭੂ ਅਉਗੁਣ ਚਿਤ ਨਾ ਧਰੌ ॥
ਸਮਦਰਸੀ ਹੈ ਨਾਮ ਤਿਹਾਰੌ, ਸੋਈ ਪਾਰ ਕਰੌ।
ਇਕ ਲੋਹਾ ਪੂਜਾ ਮੇਂ ਰਾਖਤ, ਇਕ ਘਰ ਬਧਿਕ ਪਰੌ।
ਸੋ ਦੁਵਿਧਾ ਪਾਰਸ ਨਹਿੰ ਜਾਨਤ, ਕੰਚਨ ਕਰਤ ਖਰੌ ॥
ਇਕ ਨਦੀਆ ਇਕ ਨਾਰ ਕਹਾਵਤ, ਮੈਲੋ ਨੀਰ ਭਰੌ ॥
ਜਬ ਮਿਲਿ ਗਏ ਤਬ ਏਕ ਬਰਨ ਹੈ, ਸੁਰਸੀਰ ਨਾਮ ਧਰੌ ॥
ਕੈ ਇਨਕੋ ਨਿਰਧਾਰ ਕੀਜੀਏ, ਕੈ ਪਨ ਜਾਤ ਟਰੌ ॥

ਦਾ ਗਾਇਨ ਕਰਦਿਆਂ ਹੋਇਆਂ ਅਨੇਕਾਂ ਹੀ ਪ੍ਰਮਾਣ ਦਿਤੇ। ਜਿਹੜੀਆਂ ਥਾਵਾਂ ਕੱਲ ਧੁੰਦ ਕਾਰਨ ਨਜ਼ਰ ਨਹੀਂ ਸਨ ਆ ਰਹੀਆਂ ਉਹਨਾਂ ਨੂੰ ਅੱਜ ਦੁਬਾਰਾ ਵੇਖਣ ਦਾ ਪ੍ਰੋਗਰਾਮ ਬਣਿਆ। ਅੱਜ ਮੌਸਮ ਸਾਫ ਹੋਣ ਕਰਕੇ ਸਭ ਕੁਝ ਸਾਫ-ਸਾਫ ਦਿਖਾਈ ਦੇ ਰਿਹਾ ਸੀ। ਸਤਿਗੁਰੂ ਜੀ ਜਿਹੜੇ ਸਥਾਨ ਨੂੰ ਭਾਗ ਲਾਉਂਦੇ ਲੋਕਾਂ ਦੀਆਂ ਭੀੜ ਦਰਸ਼ਨ ਕਰਨ ਲਈ ਉਮੜ ਪੈਂਦੀ। ਕੀ ਬੁੱਢੇ, ਕੀ ਬਾਲੇ, ਕੀ ਮਰਦ, ਕੀ ਇਸਤਰੀ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਆਪਣੇ ਧੰਨ ਭਾਗ ਸਮਝਦੇ।

ਜਿਨਿ ਚਾਖਿਆ ਤਿਸੁ ਆਇਆ ਸਾਦੁ।
ਜਿਉ ਗੂੰਗਾ ਮਨ ਮਹਿ ਬਿਸਮਾਦੁ।
ਆਨਦ ਰੂਪੁ ਸਭ ਨਦਰੀ ਆਇਆ
ਜਨ ਨਾਨਕ ਹਰਿ ਗੁਣ ਆਖ ਸਮਾਇਆ ॥
(ਮ: ੫, ਪੰਨਾ ੮੦)

ਇਸ ਯਾਦ ਨੂੰ ਹਮੇਸ਼ਾਂ-ਹਮੇਸ਼ਾਂ ਲਈ ਜੀਵਤ ਰੱਖਣ ਲਈ, ਪਰਿਵਾਰ ਦੇ ਪਰਿਵਾਰ ਸਤਿਗੁਰੂ ਜੀ ਨੂੰ ਨਮਸਕਾਰ ਕਰ ਆਸ਼ਰੀਵਾਦ ਲੈਂਦੇ ਅਤੇ ਨਾਲ ਖਲੋਕੇ ਫੋਟੋ ਖਿਚਵਾਉਂਦੇ।

ਦੂਸਰੇ ਦਿਨ ਸਤਿਗੁਰੂ ਜੀ ਨੇ ਆਪ ਵੀ ਆਪਣੇ ਸਿੱਖਾਂ


Sri Satguru Jagjit Singh Ji eLibrary NamdhariElibrary@gmail.com

ਸਮੇਤ ਕਿਸ਼ਤੀ 'ਚ ਬੈਠਕੇ ਝੀਲ ਦੀ ਸੈਰ ਕੀਤੀ। ਇਕ ਵਾਰ ਫਿਰ ਸ਼ਾਮ ਦਾ ਕੀਰਤਨ ਯਾਦ ਆ ਗਿਆ। ਮਨ ਉਧੇੜ-ਬੁਣ ਵਿਚ ਪੈ ਗਿਆ ਪਤਾ ਨਹੀਂ ਅਜ ਸ਼ਾਮ ਦਾ ਦੀਵਾਨ ਸੁਣਨ ਦਾ ਅਵਸਰ ਮਿਲੇਗਾ ਕਿ ਨਹੀਂ ਕਿਉਂਕਿ ਸਤਿਗੁਰੂ ਜੀ ਦੇ ਡੇਰੇ ਤੋਂ ਦੂਰ ਸੀ ਸਾਡਾ ਡੇਰਾ।

ਏਨੇ ਨੂੰ ਗੁਰਮੁਖ ਸਿੰਘ ਡਰਾਈਵਰ ਗੱਡੀ ਲੈ ਕੇ ਆ ਗਿਆ ਅਤੇ ਸਾਡੀ ਥਾਂ ਸ਼ਿਮਲੇ ਵਾਲੇ ਸੁਰਿੰਦਰ ਸਿੰਘ ਹੋਰਾਂ ਨੂੰ ਲੈ ਗਿਆ ਕਿ ਸੱਚੇ ਪਾਤਸ਼ਾਹ ਉਹਨਾਂ ਨੂੰ ਯਾਦ ਕੀਤਾ ਹੈ। ਸਾਡੇ ਮਨ ਵਿਚ ਫਿਰ ਭਰਮ ਹੋਇਆ ਕਿ ਅੱਜ ਸਾਡੇ ਤੇ ਕਿਰਪਾ ਨਹੀਂ ਹੋਈ। ਅਭਾਸ ਇਸ ਤਰ੍ਹਾਂ ਵੀ ਹੋਵੇ ਕਿ ਸ਼ਾਇਦ ਹੁਣੇ ਫਿਰ ਗੱਡੀ ਆਵੇ ਕਿ ਚਲੋ ਤੁਹਾਨੂੰ ਭੀ ਯਾਦ ਕੀਤਾ ਹੈ। ਇਸੇ ਤਰ੍ਹਾਂ ਹੀ ਹੋਇਆ। ਗੁਰਮੁਖ ਸਿੰਘ ਫਿਰ ਵਾਪਸ ਆਇਆ ਤੇ ਆਖਿਆ "ਚਲੋ ਤੁਹਾਨੂੰ ਸਤਿਗੁਰੂ ਜੀ ਨੇ ਯਾਦ ਕੀਤਾ ਹੈ।" ਆਪਣੇ ਪਿਆਰੇ ਸਤਿਗੁਰੂ ਜੀ ਦੇ ਚਰਨ ਪਰਸ ਕੇ ਖੁਸ਼ੀਆਂ ਦਾ ਸਮੁੰਦਰ ਠਾਠਾਂ ਮਾਰ ਉਠਿਆ। ਸਤਿਗੁਰੂ ਜੀ ਇਸ ਵੇਲੇ 'ਸਾਧੋ ਮਨ ਕਾ ਮਾਨ ਤਿਆਗਉ' ਸ਼ਬਦ ਪੜ੍ਹ ਰਹੇ ਸਨ।

ਇਸ ਤੋਂ ਉਪਰੰਤ ਪਹਿਲਾਂ ਸੂਰਦਾਸ ਦਾ ਭਜਨ—
ਊਧੋ ਕਰਮਨ ਕੀ ਗਤ ਨਿਆਰੀ।
ਅਨੇਕਾਂ ਹੀ ਪਰਮਾਣਾਂ ਸਾਹਿਤ ਗਾਇਆ ਅਤੇ ਫਿਰ
ਯਾ ਰੱਬਾ ਮੇਰੀ ਬੇੜੀ ਨੂੰ ਪਾਰ ਲੰਘਾਵੀਂ,
ਛਿੜੀ ਮੰਝਧਾਰ ਘਾਟ ਨਾ ਆਵੈ ਨੇੜੇ॥

ਸਤਰਾਂ ਨੂੰ ਸੁਣਕੇ ਜੇਕਰ ਅੱਖਾਂ ਦੇ ਸਾਹਮਣੇ ਦਿਨ ਵੇਲੇ ਬੇੜੀ ਵਿਚ ਸੈਰ ਕਰਨ ਦਾ ਦ੍ਰਿਸ਼ ਸਾਖਿਆਤਕਾਰ ਹੋ ਰਿਹਾ ਸੀ, ਤੇ ਦੂਸਰੇ ਪਾਸੇ ਅਨੁਭਵ ਹੋ ਰਿਹਾ ਸੀ ਕਿ ਕਿਸ ਤਰ੍ਹਾਂ ਮਨੁੱਖ ਦੀ ਜੀਵਨ ਰੂਪੀ ਬੇੜੀ ਸੰਸਾਰ ਰੂਪੀ ਭਵਜਲ ਦੇ ਭੰਵਰ ਵਿਚ ਫਸ ਗਈ ਹੈ, ਬੰਨਾ ਕਿਨਾਰਾ ਬਹੁਤ ਦੂਰ ਤੇ ਹੁਣ ਉਸਨੂੰ ਮੰਝਧਾਰ ਵਿਚੋਂ ਕਿਸਤਰ੍ਹਾਂ ਤੇ ਕੌਣ ਕੱਢੇ ? ਫਿਰ ਤਰਲੇ, ਮਿੰਨਤਾਂ, ਅਰਜ਼ੋਈਆਂ ਉਹ ਮੇਰੇ ਰੱਬਾ! ਮੇਰੇ ਸਤਿਗੁਰੂ ! ਮੇਰੇ ਅਕਾਲ-ਪੁਰਖ ਆਪ ਹੀ ਆਪਣੀ ਕ੍ਰਿਪਾ ਦ੍ਰਿਸ਼ਟੀ ਤੇ ਬਖਸ਼ਿਸ਼ਾਂ ਨਾਲ ਇਸ ਜੀਵਨ ਰੂਪੀ ਬੇੜੀ ਨੂੰ ਮੰਝਧਾਰ ਵਿਚੋਂ ਕਢਕੇ ਤਟ ਕੋਲ ਪਹੁੰਚਾ ਕੇ ਪਾਰ ਉਤਾਰਾ ਕਰ ਸਕਦੇ ਹੋ।

**ਆਪਣਾ ਪਹਿਰਾਵਾ ਠੀਕ ਰਖੋ—**

ਸੋਲਾਂ ਮਈ ਰਾਤ ਨੂੰ ਕਲਸੀ ਪਰਵਾਰ ਦੇ ਪੰਦਰਾਂ ਸੋਲਾਂ ਜਣੇ ਬੰਬਈ ਤੋਂ ਬੰਗਲੌਰ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਪਹੁੰਚੇ। ਅਗਲੇ ਦਿਨ ਆਸਾ ਦੀ ਵਾਰ ਦੇ ਭੋਗ ਉਪਰੰਤ ਸਤਿਗੁਰੂ ਜੀ ਇਸ ਪਰਵਾਰ ਨੂੰ ਹੁਕਮ ਕੀਤਾ ਕਿ ਉਹ ਆਪਣੇ ਪਹਿਰਾਵੇ ਠੀਕ ਰਖਣ। ਹੋਰ ਗਲਤ ਆਦਤਾਂ ਛੱਡਣ ਅਤੇ ਵਾਪਸ ਜਾ ਕੇ ਇਕ ਲਿਸਟ ਬਨਾਉਣ ਕਿ ਕੌਣ-ਕੌਣ ਕੀ-ਕੀ ਛੱਡੇਗਾ। ਸਤਿਗੁਰੂ ਜੀ ਨੇ ਆਦੇਸ਼ ਦਿਤੇ ਅਤੇ ਫੁਰਮਾਇਆ ਕਿ ਘਰਾਂ ਦੇ ਮਸਲੇ ਸ਼ਾਂਤੀ ਪੂਰਵਕ ਅਤੇ ਸੂਝ-ਬੂਝ ਨਾਲ ਹਲ ਕਰਨ ਵਿਚ ਹੀ ਸਭ ਦੀ ਸੋਭਾ ਹੁੰਦੀ ਹੈ।

**ਬੀਬੀ ਜੈ ਕੌਰ :**

ਬੀਬੀ ਸਾਹਿਬ ਕੌਰ ਜੀ ਦੀ ਸਪੁਤਰੀ ਬੀਬੀ ਜੈ ਕੌਰ ਅਤੇ ਬੀਬੀ ਉੱਜਲ ਕੌਰ ਸਪੁਤਰੀ ਠਾਕੁਰ ਉਦੈ ਸਿੰਘ ਨੇ ਬੀਬੀ ਬੇਅੰਤ ਕੌਰ ਦਾ ਉਥੇ ਹੋਣ ਦਾ ਭਰਪੂਰ ਲਾਭ ਉਠਾਇਆ ਅਤੇ ਹਰ ਰੋਜ਼ ਉਨ੍ਹਾਂ ਕੋਲ ਬੈਠਕੇ ਵੱਖ ਵੱਖ ਵਿਸ਼ਿਆਂ ਦਾ ਅਧਿਐਨ ਕੀਤਾ। ਬੀਬੀ ਜੈ ਕੌਰ ਸਤਿਗੁਰੂ ਜੀ ਦੀ ਵਿਸ਼ੇਸ਼ ਕ੍ਰਿਪਾ ਤੇ ਸਨੇਹ ਦੀ ਪਾਤਰ ਹਨ। ਉਹ ਅੰਮ੍ਰਿਤ ਵੇਲੇ ਉਠ ਕੇ ਆਸਾ ਦੀ ਵਾਰ ਵਿਚ ਸਤਿਗੁਰੂ ਜੀ ਦੇ ਕੋਲ ਬੈਠਕੇ ਖੁਸ਼ੀਆਂ ਪ੍ਰਾਪਤ ਕਰਦੇ ਹਨ। ਬੜੇ ਖੁਸ਼ ਸੁਭਾਅ ਦੇ ਧਾਰਨੀ ਹਨ ਤੇ ਹਮੇਸ਼ਾ "ਹੱਛਾ ਜੀ ਆਪਾਂ ਇਸੇ ਤਰ੍ਹਾਂ ਹੀ ਕਰ ਲਵਾਂਗੇ।" ਕਹਿ ਕੇ ਸਭ ਆਖੇ ਲਗਣ ਦੀ ਜਾਚ ਹੈ ਉਹਨਾਂ ਨੂੰ।

**ਨਵੀਂ ਧੁਨ ਦੀ ਸਿਰਜਣਾ :**

੨੦-੫-੯੨ ਦੀ ਆਸਾ ਦੀ ਵਾਰ ਦੇ ਭੋਗ ਉਪਰੰਤ ਰਾਗੀਆਂ ਨੂੰ ਇਕੱਠੇ ਕਰਕੇ ਇਕ ਨਵੀਂ ਧੁਨ ਬਨਾਉਣ ਦੀ ਕਿਰਪਾ ਕੀਤੀ। ਸ਼ਬਦ ਸੀ, "ਮੈਂ ਤਉ ਮੋਲਿ ਮਹਗੀ ਲਈ... ਜੀਅ ਸਟੈ" ਸਤਿਗੁਰੂ ਜੀ ਅਗੋਂ ਆਪ ਧੁੰਨ ਉਚਾਰਦੇ ਅਤੇ ਫਿਰ ਰਾਗੀ। ਇਸੇ ਵੇਲੇ ਸਤਿਗੁਰੂ ਜੀ ਦੇ ਇਕ ਸੁਘੜ ਅਧਿਆਪਕ ਦੇ ਰੂਪ ਵਿਚ ਦਰਸ਼ਨ ਹੋ ਰਹੇ ਸਨ। ਕਿੰਨੀ ਕਿੰਨੀ ਦੇਰ ਇਕ ਤੁਕ ਨੂੰ ਪਹਿਲਾਂ ਆਪ ਪੜ੍ਹ-ਪੜ੍ਹ ਕੇ ਸੁਨਾਉਂਦੇ ਅਤੇ ਫਿਰ ਉਸ ਦੀ ਸ਼ੁੱਧੀ ਕਰਵਾ ਕੇ ਰਾਗੀਆਂ ਨੂੰ ਯਾਦ ਕਰਵਾਉਂਦੇ। ਸਤਿਗੁਰੂ ਜੀ ਨੇ ਕਈ ਵਾਰੀ ਅਭਿਆਸ ਕਰਾਕੇ ਇਸ ਸ਼ਬਦ ਦੀ ਨਵੀਂ ਧੁੰਨ ਦਾ ਗਿਆਨ ਰਾਗੀਆਂ ਨੂੰ ਕਰਵਾਇਆ ਤੇ ਨਾਲ ਹੀ ਹੁਕਮ ਕੀਤਾ, "ਇਹ ਨਵੀਂ ਧੁਨ ਦਿੱਲੀ ਜਾਕੇ ਰਾਜਨ ਸਾਜਨ ਮਿਸ਼ਰਾ ਨੂੰ ਸੁਣਾਵਾਂਗੇ।"

**ਸਦ ਬਖਸ਼ਿੰਦ ਸਤਿਗੁਰੂ :**

ਸਤਿਗੁਰੂ ਸਦਾ ਹੀ ਬਖਸ਼ਿੰਦ ਹੈ ਅਤੇ ਸਿੱਖ ਭੁਲਾਂ ਕਰਦੇ ਹੀ ਰਹਿੰਦੇ ਹਨ। ਸਿਖ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਹ ਸਤਿਗੁਰਾਂ ਦੇ ਹੁਕਮ ਦੀ ਉਲੰਘਣਾ ਕਰਕੇ ਉਨ੍ਹਾਂ ਤੋਂ ਬੇਮੁਖ ਹੋ ਕੇ ਕਿੰਨਾ ਕੁ ਨੁਕਸਾਨ ਉਠਾ ਸਕਦਾ ਹੈ। ਸਤਿਗੁਰੂ ਜੀ ਨੂੰ ਭੂਤ ਅਤੇ ਭਵਿੱਖ ਦਾ ਪੂਰਨ ਗਿਆਨ ਹੁੰਦਾ ਹੈ ਉਹ ਆਪਣੇ ਸੇਵਕਾਂ ਨੂੰ ਗਲਤ ਕੰਮ ਕਰਨ ਤੋਂ ਹਮੇਸ਼ਾ ਵਰਜਦੇ ਰਹਿੰਦੇ ਹਨ ਜੋ ਗਲਤੀਆਂ ਕਰ ਲੈਂਦੇ ਹਨ ਉਨ੍ਹਾਂ ਨੂੰ ਬਖਸ਼ਨ ਲਈ ਤੱਤਪਰ ਰਹਿੰਦੇ ਹਨ। ਗੁਰਬਾਣੀ ਵਿਚ

Sri Satguru Jagjit Singh Ji eLibrary NamdhariElibrary@gmail.com

ਇਸੇ ਕਰਕੇ ਕਿਹਾ ਹੈ, "ਸਤਿਗੁਰੂ ਸਭਨਾ ਦਾ ਭਲਾ ਮਨਾਇਦਾ।" ਸਤਿਗੁਰੂ ਨੂੰ ਪਤਾ ਹੁੰਦਾ ਹੈ ਕਿ ਉਸ ਦਾ ਹੁਕਮ ਨਾ ਮੰਨਣ ਨਾਲ ਉਸ ਦਾ ਸਿੱਖ ਕਿੰਨੇ ਕੁ ਕਸ਼ਟਾਂ ਵਿਚ ਪੈ ਸਕਦਾ ਹੈ।

ਚਾਲੀ ਮੁਕਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਬੇਦਾਵਾ ਤੇ ਲਿਖਕੇ ਦੇ ਜਾਂਦੇ ਹਨ, ਮੁੜਕੇ ਆਕੇ ਸ਼ਹੀਦ ਭੀ ਹੁੰਦੇ ਹਨ, ਪਰ ਦਰਗਾਹ ਵਿਚ ਢੋਈ ਨਹੀਂ ਮਿਲਦੀ। ਦਰਗਾਹ ਦੇ ਦਰਵਾਜ਼ੇ ਗੁਰੂ ਗੋਬਿੰਦ ਸਿੰਘ ਜੀ ਜੋ ਵਕਤ ਦੇ ਮਾਲਕ ਸਨ ਦੇ ਹੁਕਮ ਤੋਂ ਬਗੈਰ ਨਹੀਂ ਖੁਲ੍ਹ ਸਕਦੇ। ਸਤਿਗੁਰਾਂ ਨੂੰ ਪਤਾ ਸੀ ਇਹਨਾਂ ਦਾ ਕੀ ਹਾਲ ਹੋਣਾ ਹੈ, ਇਸੇ ਕਰਕੇ ਬੇਦਾਵੇ ਦਾ ਕਾਗਜ਼ ਸੰਭਾਲ ਕੇ ਰਖਿਆ ਅਤੇ ਮਹਾ ਸਿੰਘ ਹੋਰਾਂ ਦੇ ਪ੍ਰਾਣ ਨਹੀਂ ਨਿਕਲਣ ਦਿਤੇ। ਬੇਦਾਵੇ ਦਾ ਕਾਗਜ਼ ਪਾੜਿਆ ਤਾਂ ਸਿੱਖਾਂ ਨੂੰ ਦਰਗਾਹ ਵਿਚ ਗੁਰੂ ਚਰਨਾਂ ਵਿਚ ਨਿਵਾਸ ਮਿਲਿਆ।

ਅੱਜ ਕਲ ਅਸੀਂ ਭੀ ਅਨੇਕਾਂ ਭੁਲਾਂ ਕਰਦੇ ਹਾਂ। ਵਿਆਹ ਸ਼ਾਦੀ ਦੇ ਵੇਲੇ ਤੇ ਹੱਦ ਹੀ ਹੋ ਜਾਂਦੀ ਹੈ। ਸਤਿਗੁਰਾਂ ਦੇ ਹੁਕਮ ਸਾਨੂੰ ਭੁੱਲ ਜਾਂਦੇ ਹਨ ਅਤੇ ਭਾਈਚਾਰੇ ਦਾ ਡਰ ਜ਼ਿਆਦਾ ਪ੍ਰਬਲ ਹੋ ਜਾਂਦਾ ਹੈ। ਫਿਰ ਗਲਤੀ ਕਰਕੇ ਉਸ ਕੋਲੋਂ ਛੁਪਾਉਣ ਦੀ ਕੋਸ਼ਿਸ਼ ਕਰਦੇ ਹਾਂ ਜੋ ਹਰ ਵੇਲੇ ਹਾਜ਼ਰ ਨਾਜ਼ਰ ਹੈ। ਸਤਿਗੁਰੂ ਜੀ ਨੂੰ ਸਭ ਕੁਝ ਪਤਾ ਹੈ ਪਰ ਉਹ ਨਰ ਲੀਲਾ ਕਰਕੇ ਸਾਨੂੰ ਜਣਾਉਂਦੇ ਨਹੀਂ।

ਹੈਦਰਾਬਾਦ ਦੇ ਇਕ ਦਿਨ ਦੇ ਪ੍ਰੋਗਰਾਮ ਵਿਚ ਸ੍ਰੀ ਸਤਿਗੁਰੂ ਜੀ ਨੇ ਸ਼ਾਮ ਨੂੰ ਸਾਧ-ਸੰਗਤ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾਲਤਾ ਕੀਤੀ। ਇਕ ਸਿੱਖ ਨੇ ਵਿਆਹ ਗਲਤ ਕੀਤਾ ਹੋਇਆ ਸੀ, ਫਿਰ ਭੀ ਸਤਿਗੁਰੂ ਜੀ ਨੇ ਉਸਦੇ ਘਰ ਚਰਨ ਪਾਏ ਪਰ ਉਸਦੀ ਭੇਟਾ ਅਤੇ ਪ੍ਰਸ਼ਾਦ ਸਵੀਕਾਰ ਨਾ ਕੀਤਾ। ਹੁਕਮ ਕੀਤਾ ਕਿ ਉਹ ਸਵੇਰੇ ਆਸਾ ਦੀ ਵਾਰ ਵਿਚ ਆਕੇ ਪਹਿਲਾਂ ਬਖਸ਼ਾਵੇ ਅਤੇ ਫਿਰ ਉਸਦੀ ਭੇਟਾ ਮਨਜ਼ੂਰ ਹੋਵੇਗੀ।

ਅਗਲੇ ਦਿਨ ਆਸਾ ਦੀ ਵਾਰ ਵਿਚ ਉਸਨੇ ਆਪਣੀ ਭੁੱਲ ਬਖਸ਼ਵਾਈ। ਸਿੱਖ ਗਲਤੀ ਕਰਕੇ ਭੀ ਭੁੱਲ ਗਿਆ ਸੀ ਅਤੇ ਦੁਨਿਆਵੀ ਤੌਰ ਤੇ ਸ਼ਾਇਦ ਖੁਸ਼ ਭੀ ਹੋਵੇਗਾ ਕਿ ਸਤਿਗੁਰਾਂ ਨੂੰ ਭੀ ਸਭ ਕੁਝ ਭੁੱਲ ਗਿਆ ਹੈ। ਸਤਿਗੁਰ ਜੀ ਮਰਯਾਦਾ ਪ੍ਰਸ਼ੋਤਮ ਇਸੇ ਕਰਕੇ ਹੀ ਹਨ ਕਿ ਉਨ੍ਹਾਂ ਨੇ ਮਰਯਾਦਾ ਨੂੰ ਤੇ ਰਹਿਤ ਨੂੰ ਸਭ ਤੋਂ ਉਪਰ ਸਨਮਾਨਿਆ ਹੈ।

ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ ॥

ਇਸੇ ਤਰ੍ਹਾਂ ਇਕ ਘਰ ਵਿਚ ਉਹਨਾਂ ਦੇ ਲੜਕੇ ਦਾ ਪਹਿਰਾਵਾ ਠੀਕ ਨਹੀਂ ਸੀ। ਪੰਦਰਾਂ ਸੋਲਾਂ ਸਾਲਾਂ ਦਾ ਹੋ ਕੇ ਭੀ ਦਸਤਾਰ ਨਹੀਂ ਸਜਾਉਂਦਾ ਅਤੇ ਪਟਕਾ ਬੰਨ੍ਹਿਆ ਹੋਇਆ ਸੀ। ਮਾਤਾ ਪਿਤਾ ਨੂੰ ਇਸ ਗੱਲ ਦਾ ਕੋਈ ਫਿਕਰ ਨਹੀਂ ਸੀ ਅਤੇ ਉਹ ਪੂਰਨ ਤੌਰ ਤੇ ਬੱਚੇ ਦੀ ਮੋਹ ਮਾਇਆ ਦੇ ਜਾਲ ਵਿਚ ਫਸੇ ਹੋਏ ਇਸ ਅਣਗਹਿਲੀ ਨੂੰ ਅਨੁਭਵ ਹੀ ਨਹੀਂ ਸਨ ਕਰ ਸਕਦੇ। ਸਤਿਗੁਰੂ ਜੀ ਦੇ ਪੁੱਛਣ ਤੇ ਮਾਤਾ ਪਿਤਾ ਜੀ ਨੇ ਕਿਹਾ ਕਿ ਜੀ ਹਾਲੀ ਇਸ ਨੂੰ ਪੱਗ ਨਹੀਂ ਬੰਨਵਾਈ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਸਵੇਰੇ ਆਸਾ ਦੀ ਵਾਰ ਵਿਚ ਉਸ ਦੀ ਪੱਗ ਬੰਨੀ ਜਾਵੇਗੀ।

ਸਤਿਗੁਰੂ ਜੀ ਨੇ ਆਪਣੇ ਪਵਿਤਰ ਹਸਤ-ਕੰਵਲਾਂ ਨਾਲ ਉਸ ਲੜਕੇ ਦੇ ਕੇਸਾਂ ਦਾ ਜੂੜਾ ਬਣਾਇਆ ਤੇ ਫਿਰ ਸਿਰ ਤੇ ਪੱਗ ਸੰਵਾਰਕੇ ਬੰਨ੍ਹੀ। ਉਸ ਲੜਕੇ ਨੇ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਅਤੇ ਫਿਰ ਪੂਜਯ ਮਾਤਾ ਮਾਤਾ ਚੰਦ ਕੌਰ ਜੀ ਦੇ ਚਰਨਾਂ ਵਿਚ ਖੁਸ਼ੀਆਂ ਪ੍ਰਾਪਤ ਕਰਨ ਲਈ ਮੱਥਾ ਟੇਕਿਆ। ਮਾਤਾ ਜੀ ਨੇ ਹੋਰ ਕ੍ਰਿਪਾ ਕੀਤੀ ਜਿਹੜੀ ਮਾਲਾ ਉਹ ਆਪ ਫੇਰ ਰਹੇ ਸਨ, ਉਹੀ ਮਾਲਾ ਉਸ ਮੁੰਡੇ ਨੂੰ ਦੇ ਦਿਤੀ ਤੇ ਨਾਲ ਹੀ ਉਸ ਨੂੰ ਮਾਲਾ ਫੇਰਨ ਦਾ ਹੁਕਮ ਦਿੱਤਾ। ਸਾਰੀ ਸੰਗਤ ਇਸ ਦ੍ਰਿਸ਼ ਨੂੰ ਵੇਖ ਕੇ ਨਿਹਾਲ ਹੋ ਰਹੀ ਸੀ ਤੇ ਉਸ ਮੁੰਡੇ ਦੀ ਮਾਤਾ ਦੇ ਨੇਤਰਾਂ ਵਿਚ ਖੁਸ਼ੀ ਦੇ ਅੱਥਰੂ ਵਗ ਰਹੇ ਸਨ।

ਸਤਿਗੁਰੂ ਜੀ ਕੋਈ ਢਾਈ ਘੰਟੇ ਸਾਧ-ਸੰਗਤ ਦੇ ਘਰਾਂ ਵਿਚ ਚਰਨ ਪਾਉਂਦੇ ਰਹੇ, ਫਿਰ ਭੀ ਕੁਝ ਘਰ ਬਾਕੀ ਰਹਿ ਗਏ। ਉਹਨਾਂ ਦੇ ਘਰਾਂ ਵਿਚ ਅਗਲੇ ਦਿਨ ਸਵੇਰੇ ਪੌਣੇ ਤਿੰਨ ਵਜੇ ਆਸਾ ਦੀ ਵਾਰ ਤੇ ਜਾਣ ਤੋਂ ਪਹਿਲਾਂ ਚਰਨ ਪਾਏ ਅਤੇ ਆਪਣੇ ਸੇਵਕਾਂ ਨੂੰ ਭਰਪੂਰ ਖੁਸ਼ੀਆਂ ਬਖਸ਼ੀਆਂ ਅਤੇ ਭੁਲਿਆਂ ਭਟਕਿਆਂ ਨੂੰ ਰਾਹੇ ਪਾਇਆ।

**ਹਸੂੰ ਹਸੂੰ ਕਰਦਾ ਚਿਹਰਾ :**

ਸਤਿਗੁਰੂ ਜਗਜੀਤ ਸਿੰਘ ਜੀ ਦਾ ਹਰ ਵਕਤ ਮੁਸਕਰਾਉਂਦਾ ਚਿਹਰਾ ਉਹਨਾਂ ਦੇ ਸੇਵਕਾਂ ਨੂੰ ਹਮੇਸ਼ਾਂ ਹੀ ਠੰਢ ਵਰਤਾਉਂਦਾ ਰਹਿੰਦਾ ਹੈ। ਕਿਹੋ ਜਿਹੀ ਭੀ ਹਾਲਤ ਹੋਵੇ ਸੱਚੇ ਪਾਤਸ਼ਾਹ ਦਾ ਚਿਹਰਾ ਹਰ ਵੇਲੇ ਹਸੂੰ-ਹਸੂੰ ਕਰਦਾ ਰਹਿੰਦਾ ਹੈ। ਸਤਿਗੁਰੂ ਜੀ ਸਾਨੂੰ ਸਿਖਿਆ ਦਿੰਦੇ ਹਨ ਕਿ ਕਿਵੇਂ ਉਸ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਚਾਹੀਦਾ ਹੈ। ਸਤਿਗੁਰੂ ਦਾ ਦਰਸ਼ਨ ਅਨੇਕਾਂ ਹੀ ਦੁਖਾਂ ਦਾ ਨਿਵਾਰਨ ਕਰਦਾ ਹੈ। ਸਿੱਖ ਨੂੰ ਭੀ ਇਹ ਖਿੱਚ ਰਹਿੰਦੀ ਹੈ ਉਹਨਾਂ ਦੀ ਮੁਸਕਰਾਹਟ ਦੀ ਝਲਕ ਮਿਲੇ।

ਭਾਵੇਂ ਹਵਾਈ ਜਹਾਜ਼ ਹੋਵੇ ਭਾਵੇਂ ਬੱਸ, ਭਾਵੇਂ ਬੰਗਲੌਰ ਦਾ ਫਾਰਮ ਹੋਵੇ ਅਤੇ ਭਾਵੇਂ ਕਿਸੇ ਹੋਟਲ ਦਾ ਕਮਰਾ, ਸਤਿਗੁਰੂ ਜੀ ਆਪਣੇ ਸੇਵਕਾਂ ਦੇ ਸੁੱਖ ਲਈ ਹਮੇਸ਼ਾਂ ਚਿੰਤਾਤੁਰ ਰਹਿੰਦੇ ਹਨ ਅਤੇ ਖੁਸ਼ੀਆਂ ਬਖਸ਼ਦੇ ਰਹਿੰਦੇ ਹਨ।

Sri Satguru Jagjit Singh Ji eLibrary NamdhariElibrary@gmail.com

**ਦੂਸਰੇ ਦੇ ਗੁਣਾਂ ਨੂੰ ਵਿਚਾਰੋ :**

ਸਤਿਗੁਰੂ ਜੀ ਹਮੇਸ਼ਾਂ ਆਪਣੇ ਸੇਵਕਾਂ ਦੇ ਗੁਣਾਂ ਨੂੰ ਹੀ ਵਰਤਦੇ ਰਹਿੰਦੇ ਹਨ। ਜੇਕਰ ਇਕ ਪਲ ਕਿਸੇ ਨਾਲ ਹਾਸਾ ਮਜ਼ਾਕ ਹੋ ਰਿਹਾ ਹੈ ਤਾਂ ਦੂਜੇ ਪਲ ਉਹ ਦੂਸਰੇ ਨਾਲ ਗਿਆਨ ਚਰਚਾ ਕਰਦੇ ਹਨ, ਕਿਸੇ ਹੋਰ ਨਾਲ ਸਿਆਸਤ ਦੀ ਗਲ ਕਰ ਲੈਂਦੇ ਹਨ, ਰਾਗੀਆਂ ਨਾਲ ਰਾਗ ਦੀ ਗੱਲ ਸ਼ੁਰੂ ਹੋ ਜਾਂਦੀ ਹੈ। ਸਾਡੇ ਅਨੇਕਾਂ ਹੀ ਔਗਣ ਹੋਣ ਦੇ ਬਾਵਜੂਦ ਉਹ ਸਾਨੂੰ ਆਪਣੇ ਨਾਲ ਲਈ ਫਿਰਦੇ ਹਨ। ਸਾਨੂੰ ਸਿਖਿਆ ਦਿੰਦੇ ਹਨ ਕਿ ਦੁਨੀਆਂ ਵਿਚ ਸੁਖੀ ਰਹਿਣਾ ਹੈ ਤਾਂ ਦੂਸਰੇ ਦੇ ਔਗੁਣ ਨ ਵੇਖੋ ਇਹ ਤੇ ਆਪਣੇ ਅੰਦਰ ਹੀ ਬਹੁਤ ਹਨ। ਦੂਸਰਿਆਂ ਦੇ ਅਉਗੁਣ ਦੇਖ ਕੇ ਸਾਨੂੰ ਹੰਕਾਰ ਭੀ ਹੋ ਜਾਂਦਾ ਹੈ, ਸੱਚ ਤੋਂ ਦੂਰ ਚਲੇ ਜਾਂਦੇ ਹਾਂ ਅਤੇ ਦੁੱਖੀ ਹੁੰਦੇ ਹਾਂ। ਜੇਕਰ ਦੂਸਰੇ ਦੇ ਗੁਣ ਵੇਖੋ ਤਾਂ ਆਪਣੇ ਆਪ ਨੂੰ ਭੀ ਦੁਖ ਨਹੀਂ ਹੁੰਦਾ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਣਾਂ ਦਾ ਕਥਨ ਕਰਨਾ ਅਸੰਭਵ ਹੈ।

**ਲੰਗਰ :**

ਸਾਰੇ ਦੌਰੇ ਵਿਚ ਸੰਤ ਕਸ਼ਮੀਰ ਸਿੰਘ ਜੀ ਅਤੇ ਸੰਤ ਹਰਭਜਨ ਸਿੰਘ ਜੀ ਦੀ ਲੰਗਰ ਦੀ ਸੇਵਾ ਅਤੀ ਸਰਾਹਨੀਅ ਸੀ। ਭਾਵੇਂ ਬੰਗਲੌਰ ਅਤੇ ਭਾਵੇਂ ਕੋਈ ਪਹਾੜ, ਭਾਵੇਂ ਰਾਤ ਭਾਵੇਂ ਦਿਨ ਹੋਵੇ ਸੰਤਾਂ ਨੇ ਲੰਗਰ ਪੂਰੇ ਵਕਤ ਤੇ ਤਿਆਰ ਕਰਖੇ ਸਾਭ-ਸੰਗਤ ਨੂੰ ਛਕਾਉਣ ਵਿਚ ਢਿਲ ਨਹੀਂ ਕਰਨੀ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਪੂਰਨ ਗੁਣਾਂ ਦਾ ਕਥਨ ਕਰਨਾ ਅਸੰਭਵ ਹੈ। ਉਹ ਬਿਅੰਤ ਹਨ ਅਤੇ ਹਰ ਪੱਖ ਤੋਂ ਸੰਪੂਰਨ ਹਨ। ਗੁਰਬਾਣੀ ਵਿਚ ਕਿਹਾ ਹੈ, 'ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥' ਇਸ ਕਰਕੇ ਮਨੁੱਖ ਜੋ ਹਰ ਪੱਖ ਤੋਂ ਅਪੂਰਨ ਹੈ-ਸਤਿਗੁਰੂ ਜੀ ਨੂੰ ਜੋ ਹਰ ਪੱਖ ਤੋਂ ਸੰਪੂਰਨ ਹਨ-ਜਾਨਣਾ ਕਠਨ ਹੈ। ਸਤਿਗੁਰੂ ਜੋ ਮਿਸ਼ਰੀ ਦੇ ਪਹਾੜ ਸਮਾਨ ਹਨ ਇਕ ਚੀਟੀ ਕਿਨਾ ਕੁ ਉਸ ਵਿਚੋਂ ਚੁਗ ਸਕਦੀ ਹੈ।

ਸਵੇਰ ਤੋਂ ਸ਼ਾਮ ਤੀਕਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਸੰਪੂਰਨ ਰੂਪ ਵਿਚ ਹੁੰਦੇ ਹਨ। ਅੰਮ੍ਰਿਤ ਵੇਲੇ ਤੋਂ ਇਕ ਪੂਰਨ ਰਿਸ਼ੀ, ਤਪੱਸਵੀ ਅਕਾਲ ਪੁਰਖ ਦੇ ਸਤਿਗੁਰੂ ਸਰੂਪ ਦੇ ਅਤੇ ਸੱਚਖੰਡ ਦੇ ਦਰਸ਼ਨ ਕਰਾਕੇ ਆਪਣੇ ਸੇਵਕਾਂ ਨੂੰ ਨਿਹਾਲ ਕਰਦੇ ਹਨ। ਜਦੋਂ ਰਾਗ ਦਾ ਗਾਇਨ ਕਹਦੇ ਹਨ ਉਸ ਵੇਲੇ ਇਕ ਪੂਰਨ ਸੰਗੀਤਕਾਰ ਦੇ ਦਰਸ਼ਨ ਹੁੰਦੇ ਹਨ। ਆਪਣੇ ਸੇਵਕਾਂ ਦੇ ਕਾਰਜ ਰਾਸ ਕਰਨ ਵੇਲੇ [illegible] ਪੂਰਨ ਹਿਤੈਸ਼ੀ, ਸ਼ੁਭਚਿੰਤਕ, ਮਾਤਾ-ਪਿਤਾ ਬੰਧੂ ਦੇ ਰੂਪ ਵਿਚ ਦਰਸ਼ਨ ਹੁੰਦੇ ਹਨ। ਜਦੋਂ ਪਹਾੜਾਂ ਦੀ ਸੈਰ ਤੇ ਜਾਂਦੇ ਹਨ ਤੇ ਅਕਾਲ ਪੁਰਖ ਦੀ ਰਚੀ ਹੋਈ ਅਸਰਚਜ ਰਚਨਾ ਦਾ ਪੂਰਨ ਆਨੰਦ ਮਾਣਦੇ ਹਨ। ਆਪਣੇ ਪਰਵਾਰ ਵਿਚ ਬੈਠਕੇ ਇਕ ਪੂਰਨ ਗ੍ਰਿਹਸਥੀ ਹਨ।

ਜ਼ਿੰਦਗੀ ਦੇ ਉਤਾਰ ਚੜ੍ਹਾਅ ਨੂੰ ਖਿੜੇ ਮੱਥੇ ਖੁਸ਼ੀ-ਖੁਸ਼ੀ ਝੱਲਕੇ, ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਦੀ ਪ੍ਰੇਰਨਾ ਦਿੰਦੇ ਹਨ। ਛੋਟੇ-ਛੋਟੇ ਬੱਚਿਆਂ ਨੂੰ ਅਤਿਅੰਤ ਪਿਆਰ ਦੇ ਕੇ ਅਤੇ ਉਨ੍ਹਾਂ ਦਾਂ ਭਵਿਸ਼ ਉਜਲ ਬਨਾਉਣ ਲਈ ਹਰ ਵੇਲੇ ਚਿੰਤਾਤੁਰ ਰਹਿੰਦੇ ਹਨ ਅਤੇ ਉਹਨਾਂ ਦਾ ਮਾਰਗ ਦਰਸ਼ਨ ਕਰਦੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨੇਕਾਂ ਗੁਣਾਂ ਵਿਚੋਂ ਕੁਝ ਕੁ ਦਾ ਵਰਣਨ ਕਰਨ ਦਾ ਯਤਨ ਕੀਤਾ ਹੈ। "ਹਰਿ ਬੇਅੰਤੁ ਹਉ ਮਿਤਿ ਕਰਿ ਵਰਨਉ" ਵਾਲੀ ਗੱਲ ਹੈ।

ਸਤਿਗੁਰੂ ਜੀ ਸੰਪੂਰਨ ਹਨ। ਆਓ ਉਹਨਾਂ ਦੀ ਸੰਪੂਰਨਤਾ ਦਾ ਗੁਨ-ਗਾਣ ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਵਿਚ ਕਰੀਏ—

ਪੂਰਨ ਪੂਰਿ ਰਹਿਓ ਸੰਪੂਰਨ
ਸੀਤਲ ਸਾਂਤਿ ਦਇਆਲ ਦਈ ॥
ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ
ਤਨ ਤੇ ਹੋਏ ਸਗਲ ਖਈ ॥
ਸਚੁ ਸੰਤੋਖ ਦਇਆ ਧਰਮੁ
ਸੁਚਿ ਸੰਤਨ ਤੇ ਇਹੁ ਮੰਤੁ ਲਈ ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ
ਤਿਨ ਕਉ ਸਗਲੀ ਸੋਝ ਪਈ ॥

Manufacturers of :
Hydraulic Presses for Rubber Industries,
Streightening Bending, Deep Drawing,
Clutch Facing & Brack-Linings
Specialists in :
Deep Drawing, Hydraulic Press for
Pressure Cooker
**HIND**
**Hydraulic Industries**
Opp. Dass, Hitachi, Industrial Area,
Rajinder Nagar, P.O. Mohan Nagar,
GHAZIABAD.
Phone : 867031

Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ ਵਿਦਿਅਕ ਸੰਮੇਲਨ ਦਿੱਲੀ-੨

ਪਿਛਲੇ ਅੰਕ ਵਿਚ ਇਸਤਰੀ ਜਥੇ ਦੇ ਸੰਮੇਲਨ ਦੇ ਆਰੰਭ ਤਕ ਵਰਿਆਮ ਦੇ ਕਾਲਮਾਂ ਵਿਚ ਦੱਸਿਆ ਜਾ ਚੁੱਕਾ ਹੈ। ਸੰਖੇਪ ਰੂਪ ਵਿਚ ਅਗਲਾ ਪ੍ਰੋਗਰਾਮ ਇਸ ਅੰਕ ਵਿਚ ਪਾਠਕਾਂ ਦੇ ਹਾਜ਼ਰ ਹੈ।

ਉਦਘਾਟਨੀ ਪਰਵਚਨ ਬਾਅਦ ਸਤਿਗੁਰੂ ਜੀ ਪ੍ਰਸਥਾਨ ਕਰ ਗਏ। ਉਹਨਾਂ ਦੇ ਜਾਣ ਤੋਂ ਪਹਿਲਾਂ ਹੀ ਜਾਣ-ਪਛਾਣ ਤੇ ਜਥਿਆਂ ਦੀਆਂ ਰਿਪੋਰਟਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਵੱਖ-ਵੱਖ ਜਥਿਆਂ ਵਲੋਂ ਕੀਤੇ ਜਥੇਬੰਦਕ ਉਪਰਾਲੇ, ਸਮਾਗਮ, ਭਜਨ ਕੀਰਤਨ ਵਰਨੀਆਂ ਅਤੇ ਹੋਰ ਸਰਗਰਮੀਆਂ ਦਾ ਵਰਨਣ ਲੜੀਵਾਰ ਵੱਧ ਤੋਂ ਵਧ ਸੁੰਦਰਾਂ ਸ਼ਬਦਾਂ ਵਿਚ ਲਿਖਿਆ ਹੋਇਆ ਪੜ੍ਹਿਆ ਗਿਆ। ਸ਼ਾਇਦ ਇਸੇ ਕਰਕੇ ਸਟੇਜ ਤੇ ਕੇਂਦਰੀ ਜਥੇ ਦੀ ਸਕੱਤਰ ਬੀਬੀ ਸਿਮਰਜੀਤ ਕੌਰ ਦੀ ਟਿਪਣੀ ਸੀ ਕਿ ਕਈਆਂ ਸਾਲਾਂ ਤੋਂ ਜਿਹੜਾ ਕੰਮ ਨਹੀਂ ਹੋਇਆ ਬੀਬੀਆਂ ਨੇ ਜਥੇਬੰਦਕ ਹੋ ਕੇ ਕਰ ਵਿਖਾਇਆ ਹੈ। ੨੨ ਅਤੇ ੨੩ ਜੂਨ ਦੋ ਭਰਵੇਂ ਦਿਨ ਸਨ। ਜਿਨ੍ਹਾਂ ਵਿਚ ਵੱਖ ਵੱਖ ਮੁਕਾਬਲੇ ਚਲਦੇ ਰਹੇ। ਭਾਸ਼ਨ ਮੁਕਾਬਲਿਆਂ ਦਾ ਨਿਰਣਾ ਕਰਨ ਵਾਸਤੇ ਸੰਤ ਦਲੀਪ ਸਿੰਘ, ਅਜੀਤ ਸਿੰਘ, ਜਸਵਿੰਦਰ ਸਿੰਘ ਦੇ ਨਾਲ ਨਾਲ ਇਹਨਾਂ ਸਤਰਾਂ ਦੇ ਲੇਖਕ ਨੂੰ ਵੀ ਬੈਠਾਇਆ ਗਿਆ। ਜਿਸ ਵੇਲੇ ਭਾਸ਼ਨਕਾਰਾਂ ਦੀ ਲਿਸਟ ਪੜ੍ਹੀ ਤਾਂ ਪਤਾ ਲੱਗਾ ਕਿ ੨ ਘੰਟੇ ਦੇ ਰਖੇ ਵਕਤ ਵਿਚ ਤਾਂ ਗੋਹੜੇ ਚੋਂ ਪੂਣੀ ਵੀ ਨਹੀਂ ਕੱਤੀ ਜਾਣੀ। ਹੋਰ ਪ੍ਰੋਗਰਾਮ ਅਤੇ ਸਤਿਗੁਰੂ ਜੀ ਦਾ ਹਜ਼ੂਰੀ ਨਿਤਨੇਮ ਅਤੇ ਕੀਰਤਨ ਵੀ ਹੋਣਾ ਹੈ, ਲੰਗਰ ਆਦਿ ਵੀ ਛਕਣਾ ਹੈ। ਸੋ ਸਮੇਂ ਦੀ ਲੋੜ ਅਨੁਸਾਰ ਤਿੰਨ ਕਿਸ਼ਤਾਂ ਵਿਚ ਧਰਮਸਾਲਾ ਤੋਂ ਬਾਅਦ ਸ਼ਹੀਦ ਬਿਸ਼ਨ ਸਿੰਘ ਸਕੂਲ ਵਿਚ ਵੀ ਤਿੰਨ ਥਾਵਾਂ ਤਬਦੀਲ ਕਰ ਕਰ ਕੇ ਰਾਤ ਦੇ ਗਿਆਰਾਂ ਵਜੇ ਕੋਈ ਨੱਬੇ ਕੁ ਪ੍ਰਤਿਯੋਗੀਆਂ ਵਿਚੋਂ ਸਿੱਟਾ ਕੱਢਿਆ ਗਿਆ। ਹੋਰ ਸਾਰਾ ਦਿਨ ਦੇ ਪ੍ਰੋਗਰਾਮ, ਸੰਗੀਤ ਸਮਾਗਮ ਵਿਚੇ ਛੱਡ ਕੇ ਇਹ ਕਾਰਜ ਕਰਨਾ ਪਿਆ। ਉਮਰ ਦੇ ਹਿਸਾਬ ਨਾਲ ਤਿੰਨ ਗਰੁਪਾਂ ਵਿਚ ਚਾਰ ਮਜ਼ਮੂਨ ਵੰਡੇ ਹੋਏ ਸਨ।

ਬੀਬੀਆਂ ਨੇ ਖੂਬ ਘੋਟ ਘੋਟ ਕੇ ਲੈਕਚਰ ਤਿਆਰ ਕੀਤੇ ਹੋਏ ਸਨ। ਖੂਬ ਜੋਸ਼ ਨਾਲ ਤਕਰੀਰਾਂ ਕਰ ਰਹੀਆਂ ਸਨ। ਭਾਸ਼ਨ ਲਿਖਣ ਲਖਾਉਣ ਅਤੇ ਯਾਦ ਕਰਨ ਵਿਚ ਕਰੜੀ ਮਿਹਨਤ ਕੀਤੀ ਹੋਈ ਸੀ। ਹਰ ਇਕ ਨੂੰ ਉਮੀਦ ਸੀ ਕਿ ਉਹ ਹੀ ਪਹਿਲੇ ਅਸਥਾਨ ਤੇ ਆਵੇਗੀ। ਜੱਜਾਂ ਨੇ ਭਾਸ਼ਨਕਾਰਾਂ ਦੇ ਮਜ਼ਮੂਨ, ਉਚਾਰਨ, ਸ਼ੈਲੀ, ਪ੍ਰਭਾਵ ਆਦਿਕ ਗੱਲਾਂ ਨੂੰ ਨੋਟ ਕਰਕੇ ਵੱਖਰੇ ਵੱਖਰੇ ਨੰਬਰ ਲਾ ਕੇ ਇਕੱਠੇ ਕਰਕੇ ਨਤੀਜੇ ਕੱਢੇ ਸਨ। ਇਹਨਾਂ ਦੋ ਦਿਨਾਂ ਵਿਚ ਹੋਰ ਵੀ ਬਹੁਤ ਸਾਰੇ ਮੁਕਾਬਲੇ ਹੋਏ। ਨਾਲ ਨਾਲ ਹੀ ਦਿੱਲੀ ਦੇ ਵਿਦਿਅਕ ਜਥੇ ਵਲੋਂ ਮੌਕੇ ਤੇ ਹੀ ਰੰਗੀਨ ਤਸਵੀਰ ਵਾਲੇ ਪਛਾਣ ਪੱਤਰ ਤਿਆਰ ਕਰਕੇ ਦਿਤੇ ਜਾ ਰਹੇ ਸਨ।

ਵੱਖ-ਵੱਖ ਮੁਕਾਬਲਿਆਂ ਦਾ ਵਰਨਣ ਜਥੇ ਦੀ ਪ੍ਰਧਾਨ ਦੇ ਪ੍ਰੈਸ ਰੀਲੀਜ਼ ਵਿਚੋਂ ਇਸ ਤਰ੍ਹਾਂ ਹੈ।

ਮਾਲਾ ਬਣਾਉਣ ਵਾਸਤੇ ੧੮੧ ਬੱਚੀਆਂ ਨੇ ਭਾਗ ਲਿਆ। ਜੱਜ ਸਨ ਬੀਬੀ ਸੁਰਜੀਤ ਕੌਰ ਬੈਂਕੋਕ ਅਤੇ ਰਾਣੀ ਚਾਵਲਾ।

ਪੇਂਟਿੰਗ ਵਿਚ ੧੩੮ ਬੱਚੀਆਂ ਨੇ ਹਿੱਸਾ ਲਿਆ। ਜੱਜ ਸਨ ਸ. ਮਹਿੰਦਰ ਸਿੰਘ ਆਰਟਿਸਟ, ਬੀਬੀ ਪਰਮਜੀਤ ਕੌਰ ਅਤੇ ਸ. ਜਸਵੰਤ ਸਿੰਘ ਜੱਸ।

ਸ਼ੁੱਧ ਪਾਠ ਮੁਕਾਬਲੇ ਵਿਚ ੧੦੫ ਬੀਬੀਆਂ ਨੇ ਭਾਗ ਲਿਆ। ਜੱਜ ਸਨ ਛੋਟੇ ਗਰੁਪ ਲਈ ਮਾਸਟਰ ਸੁਰਜੀਤ ਸਿੰਘ ਮੁਠੱਡਾ, ਸੰਤ ਦਰਸ਼ਨ ਸਿੰਘ ਤੇ ਸੰਤ ਸਤਿਨਾਮ ਸਿੰਘ, ਵੱਡੇ ਉਮਰ ਗਰੁਪ ਲਈ ਨਿਰਣਾਇਕ ਸਨ ਜਥੇਦਾਰ ਗੁਰਦੀਪ ਸਿੰਘ, ਬੀਬੀ ਸ਼ਕੁੰਤਲਾ ਭੁਟਾਨੀ ਅਤੇ ਮਹੰਤ ਗੁਰਦੀਪ ਸਿੰਘ ਦਿੱਲੀ।

ਸ਼ਾਮ ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਈ ਸੰਗੀਤ ਪ੍ਰਤਿਯੋਗਤਾ ਵਿਚ ੨੯ ਬੀਬੀਆਂ ਨੇ ਹਿੱਸਾ ਲਿਆ। ਜੱਜ ਸਨ ਭਾਰਤ ਦੇ ਪ੍ਰਸਿੱਧ ਸ਼ਾਸਤ੍ਰੀ ਗਾਇਕ ਸ੍ਰੀ ਰਾਜਨ ਮਿਸ਼ਰਾ।

੨੩ ਜੂਨ ਨੂੰ ਸਵੇਰੇ ੨ ਖੋਜ ਪੱਤਰ ਪੜ੍ਹੇ ਗਏ। ਪ੍ਰਿੰਸੀਪਲ ਬੇਅੰਤ ਕੌਰ ਦਾ ਪੱਤਰ ਮਾਤਾ ਜੀਵਨ ਕੌਰ ਅਤੇ ਬੀਬੀ ਰਜਵੰਤ ਕੌਰ ਦਾ ਪੱਤਰ ਨਾਮਧਾਰੀ ਸ਼ਹੀਦ। ਪਹਿਲਾਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਭਾਸ਼ਨ ਮੁਕਾਬਲੇ ਵਿਚੋਂ ਪ੍ਰਥਮ ਰਹਿਣ ਵਾਲੀਆਂ ਬੀਬੀਆਂ ਦੇ ਭਾਸ਼ਨ ਮੁੜ ਸੁਣੇ ਗਏ।

ਲਿਖਤੀ ਪ੍ਰਤਿਯੋਗਤਾ ਵਿਚ ੫੯ ਬੀਬੀਆਂ ਨੇ ਹਿੱਸਾ ਲਿਆ। ਜੱਜ ਸਨ ਬੀਬੀ ਸ਼ਕੁੰਤਲਾ ਭੁਟਾਨੀ ਅਤੇ ਬੀਬੀ ਵੀਨਾ ਅਰੋੜਾ।

ਨਾਮ ਸਿਮਰਣ ਦੀ ਪ੍ਰਾਪਤੀ ਬੱਚਿਆਂ ਵਿਚ ਪਾਉਣ ਲਈ ਛੋਟੀਆਂ ਬੱਚੀਆਂ ਦੇ ਨਾਮ ਸਿਮਰਨ ਮੁਕਾਬਲੇ ਵੀ ਕਰਵਾਏ ਗਏ। ਇਸ ਵਿਚ ੪੪ ਬੱਚੀਆਂ ਨੇ ਹਿੱਸਾ ਲਿਆ। ਜੱਜ ਸਨ ਬੀਬੀ ਜਗਦੀਪ ਕੌਰ ਜੰਮੂ, ਬੀਬੀ ਅੰਮ੍ਰਿਤਪਾਲ ਕੌਰ ਯਮੁਨਾਨਗਰ ਅਤੇ ਬੀਬੀ ਪਰਮਜੀਤ ਕੌਰ ਯਮਨਾਨਗਰ।

ਕਵਿਤਾ ਉਚਾਰਨ ਮੁਕਾਬਲੇ ਨੇ ਸਭ ਤੋਂ ਵਧ ਉਮੀਦਵਾਰਾਂ ਨੂੰ ਖਿਚਿਆ। ਇਕ ਸੌ ਅਠੱਤੀ ਕਵਿਤ੍ਰੀਆਂ। ਇਸ ਵਿਚ ਕੁਝ ਆਪਣੀਆਂ ਕਵਿਤਾਵਾਂ ਵਾਲੀਆਂ ਅਸਲ ਕਵਿ-

Sri Satguru Jagjit Singh Ji eLibrary NamdhariElibrary@gmail.com

ਤ੍ਰੀਆਂ ਸਨ ਜਿਨ੍ਹਾਂ ਦੀ ਕਾਵਿ-ਕਲਾ ਅਤੇ ਅੰਦਾਜ਼ ਵੀ ਸੀ । ਬਾਕੀਆਂ ਨੇ ਹੋਰਨਾਂ ਕਵੀਆਂ ਦੀਆਂ ਕਵਿਤਾਵਾਂ ਨੂੰ ਵਾਹਵਾ ਯਾਦ ਕੀਤਾ ਹੋਇਆ ਸੀ । ਪੰਜ ਤੋਂ ਦਸ ਸਾਲ ਦੀਆਂ ਬੱਚੀਆਂ ਨੇ ਨਾਮਧਾਰੀ ਧਰਮਸਾਲਾ ਵਿਚ ਕਾਵਿ-ਮੁਕਾਬਲਾ ਕੀਤਾ । ਕਵਿਤਾ ਦੇ ਜੱਜ ਸਨ ਕਵੀ ਪ੍ਰਿੰਸੀਪਲ ਅਜੀਤ ਸਿੰਘ ਚੀਮਾ ਅਤੇ ਸ. ਜਸਵੰਤ ਸਿੰਘ ਜੱਸ । ਵੱਡੇ ਗਰੁਪ ਦੇ ਮੁਕਾਬਲੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿਚ ਕਰਵਾਏ ਗਏ । ਜੱਜ ਸਨ ਸ. ਨਿਰੰਜਨ ਸਿੰਘ ਜਿਓਤੀ, ਸ. ਸਰਬ ਸ਼ਕਤੀਮਾਨ ਸਿੰਘ ਸੰਪਾਦਕ ਵਰਤਮਾਨ ਹਿੰਦੁਸਤਾਨ ਅਤੇ ਪ੍ਰਸਿੱਧ ਕਵੀ ਸ: ਕ੍ਰਿਪਾਲ ਸਿੰਘ ਹੀਰਾ ।

ਘਰ ਨੂੰ ਸਾਫ ਸੁਥਰਾ ਰੱਖਣ ਅਤੇ ਸਜਾ ਕੇ ਰੱਖਣ ਵਿਚ ਬੀਬੀਆਂ ਦਾ ਹੀ ਯੋਗਦਾਨ ਹੁੰਦਾ ਹੈ । ਇਸ ਵਿਸ਼ੇ ਸੰਬੰਧੀ ਵੀ ਪ੍ਰੋਗਰਾਮ ਪੇਸ਼ ਕੀਤੇ ਗਏ । ਬੀਬੀ ਗੁਰਚਰਨ ਕੌਰ ਨੇ ਮਰਿਆਦਾ ਸੰਬੰਧੀ ਭਾਸ਼ਨ ਦਿੱਤਾ ।

ਸ਼ਾਮ ਨੂੰ ਕਵਿਜ਼ (ਇਤਿਹਾਸਕ-ਬੁਝਾਰਤਾਂ) ਦਾ ਕਾਰਜ ਕ੍ਰਮ ਚਲਿਆ । ਸੰਚਾਲਕ ਸਨ ਬੀਬੀ ਸਿਮਰਜੀਤ ਕੌਰ ਅਤੇ ਸਹਿਯੋਗਣ ਸਨ ਬੀਬੀ ਕੁਲਵੰਤ ਕੌਰ ।

ਰਾਤ ਨੂੰ ਦੀਵਾਨ ਲਾਉਣ ਦੇ ਮੁਕਾਬਲੇ ਹੋਏ । ਜੱਥਿਆਂ ਵਿਚ ਬਹੁਤ ਜੋਸ਼ ਸੀ ਅਤੇ ਹਰ ਤਰ੍ਹਾਂ ਦੀ ਤਿਆਰੀ ਵੀ ਸੀ । ਭਾਵੇਂ ਮੁਕਾਬਲੇ ਕਰਕੇ ਪਹਿਲਾ, ਦੂਜਾ, ਤੀਜਾ ਦਰਜਾ ਹੀ ਕਢੇ ਗਏ ਪਰ ਸਾਰੇ ਹੀ ਜੱਥਿਆਂ ਨੇ ਵਾਹਵਾ ਰੰਗ ਬੰਨਿਆ । ਇਹ ਪ੍ਰੋਗਰਾਮ ਸਭ ਤੋਂ ਵੱਧ ਪ੍ਰਭਾਵਸ਼ਾਲੀ ਸੀ । ਛੋਟੇ ਗਰੁਪ ਦੇ ਜੱਜ ਸਨ ਮਾਸਟਰ ਨਿਹਾਲ ਸਿੰਘ ਅਤੇ ਵੱਡੇ ਗਰੁਪ ਦੇ ਜਗਦੀਸ਼ ਸਿੰਘ ।

੨੫ ਜੂਨ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਬਾਅਦ ਇਨਾਮ ਵੰਡੇ ਗਏ । ਪਹਿਲੇ ਦਰਜੇ ਤੇ ਰਹਿਣ ਵਾਲੀਆਂ ਬੀਬੀਆਂ ਨੂੰ ਸਤਿਗੁਰੂ ਜੀ ਹੱਥੀਂ ਇਨਾਮ ਦਿੱਤੇ ਗਏ । ਉਸ ਬਾਅਦ ਬੀਬੀ ਬੇਅੰਤ ਕੌਰ ਰਾਹੀਂ ਇਨਾਮ ਵੰਡ ਹੋਣੀ ਸੀ ।

ਇਸ ਸਮੇਂ ਇਕ ਪੱਤਰ ਪੰਡਿਤ ਰਾਜਿੰਦਰ ਸਿੰਘ ਜੀ ਦਾ ਲਿਖਿਆ ਪੜ੍ਹਿਆ ਗਿਆ ਜਿਸ ਵਿਚ ਬ੍ਰਹਮਚਰਯ ਦੀ ਮਹਾਨਤਾਂ ਦਰਸਾਉਣ ਦਾ ਜਤਨ ਕੀਤਾ ਗਿਆ ਸੀ ।

ਸਤਿਗੁਰੂ ਜੀ ਨੇ ਆਪਣੇ ਆਸ਼ੀਰਵਾਦੀ ਭਾਸ਼ਨ ਵਿਚ ਕਿਹਾ ਕਿ ਸਾਡੇ ਸਤਿਗੁਰਾਂ ਨੇ ਗੁਰਬਾਣੀ ਦੇ ਅਨੁਸਾਰ ਜੋ ਹੁਕਮ ਦਿੱਤੇ ਨੇ ਉਸ ਅਨੁਸਾਰ "ਇਸਤ੍ਰੀ ਰੂਪ ਚੇਰੀ ਕੀ ਨਿਆਈਂ ਸੋਭ ਨਹੀਂ ਬਿਨੁ ਭਰਤਾਰੇ" ਕਿਹਾ ਗਿਆ ਹੈ ।

ਇਸਤ੍ਰੀ ਬੀ. ਏ. ਕਰ ਲਵੇ, ਆਈ. ਏ. ਐਸ. ਕਰ ਲਵੇ ਡੀ ਲਿਟ ਬਣ ਜਾਵੇ ਪਰ ਉਹ ਸੋਭਾ ਪਤੀ ਨਾਲ ਹੀ ਪਾਉਂਦੀ ਹੈ । ਇਸ ਦਾ ਇਹ ਮਤਲਬ ਨਹੀਂ ਕਿ ਇਸਤ੍ਰੀਆਂ ਪੜ੍ਹਨ ਨਾ । ਆਪਣੇ ਪੈਰਾਂ ਤੇ ਖਲੋਣ । ਪੈਰ ਨੇ ਗੁਰਮਤ ਦੇ । ਦੂਜਾ ਮਾੜਾ ਅਸਰ ਨਹੀਂ ਹੋਣਾ ਚਾਹੀਦਾ ।

ਬੀਬੀਆਂ ਦੇ ਆਮ ਸੰਮੇਲਨ ਦੀ ਸਮਾਪਤੀ ਸੀ । ਬਾਅਦ ਵਿਚ ਦਿੱਲੀ ਦੇ ਇਤਿਹਾਸਕ ਥਾਵਾਂ ਦੀ ਯਾਤਰਾ ਕਰਵਾਈ ਗਈ । ਅੱਜ ਹੀ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ (ਪੁਰਖ ਵਿਭਾਗ) ਦਾ ੨੭ਵਾਂ ਸਾਲਾਨਾ ਸੰਮੇਲਨ ਸ਼ੁਰੂ ਹੋਣਾ ਸੀ ।

### ਭਾਸ਼ਣ ਪ੍ਰਤਿਯੋਗਤਾ ਦੇ ਕੁਝ ਸਿੱਟੇ

**੫ ਤੋਂ ੧੦ ਸਾਲ :**

ਹਰਮੀਤ ਕੌਰ ਸਪੁਤਰੀ ਸੰਤ ਹਰਭਜਨ ਸਿੰਘ ਸ੍ਰੀ ਭੈਣੀ ਸਾਹਿਬ ਪ੍ਰਥਮ, ਅਵਿਨਾਸ਼ ਕੌਰ ਸਪੁਤਰੀ ਗੁਰਦੇਵ ਸਿੰਘ ਸ੍ਰੀ ਜੀਵਨ ਨਗਰ ਦੂਸਰਾ, ਮਨਜੀਤ ਕੌਰ ਸਪੁਤਰੀ ਸਤਪਾਲ ਸਿੰਘ ਜੰਮੂ ਤੀਸਰਾ ਸਥਾਨ ।

**੧੦ ਤੋਂ ੧੯ ਸਾਲ :**

ਪਹਿਲਾ ਸਥਾਨ—ਪਰਮਜੀਤ ਕੌਰ ਸਪੁਤਰੀ ਸੰਤ ਸੇਵਾ ਸਿੰਘ ਦਿੱਲੀ ।

ਦੂਜਾ—ਹਰਵਿੰਦਰ ਕੌਰ ਸਪੁਤਰੀ ਸਵਿੰਦਰ ਸਿੰਘ ਲੁਧਿਆਣਾ ।

ਤੀਜਾ—ਸੁਖਬੀਰ ਕੌਰ ਸਪੁਤਰੀ ਬਲਕਾਰ ਸਿੰਘ ਸੰਤ ਨਗਰ ।

**੧੯ ਸਾਲ ਤੋਂ ਉਪਰ :**

ਪਹਿਲਾ—ਸੁਖਰਾਜ ਕੌਰ ਸਪੁਤਰੀ ਸ. ਕਰਮ ਸਿੰਘ ਜੰਮੂ ।

ਦੂਜਾ—ਹਰਮੀਤ ਕੌਰ ਸੁਪਤਨੀ ਜੁਝਾਰ ਸਿੰਘ ਦਿੱਲੀ ।

ਤੀਜਾ—ਮਨਤੇਸ਼ਵਰ ਕੌਰ ਸਪੁਤਰੀ ਬਲਦੇਵ ਸਿੰਘ ਦਿੱਲੀ।

### ਕਵਿਤਾ ਮੁਕਾਬਲੇ

**੫ ਤੋਂ ੧੦ ਸਾਲ**—ਪਹਿਲਾ ਸਥਾਨ ਹਰਮੀਤ ਕੌਰ ਸਪੁਤਰੀ ਸ. ਹਰਬੰਸ ਸਿੰਘ ਭੈਣੀ ਸਾਹਿਬ, ਦੂਜਾ ਸਥਾਨ—ਚੰਦਨ ਕੌਰ ਸਪੁਤਰੀ ਸ. ਮਹਿੰਦਰ ਸਿੰਘ ਚੰਡੀਗੜ੍ਹ । ਤੀਜਾ ਸਥਾਨ—ਹਰਪ੍ਰੀਤ ਕੌਰ ਸਪੁਤਰੀ ਸ. ਬਲਵਿੰਦਰ ਸਿੰਘ ਦਿੱਲੀ।

**੧੦ ਤੋਂ ੧੯ ਸਾਲ**—ਪਹਿਲਾ ਸਥਾਨ—ਨਵਨੀਤ ਕੌਰ ਸਪੁਤਰੀ ਸ. ਹਰਭਜਨ ਸਿੰਘ ਮੰਡੀ । ਦੂਜਾ ਸਥਾਨ—ਮਨਦੀਪ ਕੌਰ ਸਪੁਤਰੀ ਸ. ਨਰਿੰਦਰ ਸਿੰਘ ਮੰਡੀ । ਦੂਜਾ ਸਥਾਨ—ਰਤਨ ਕੌਰ ਸਪੁਤਰੀ ਸ. ਮਨਜੀਤ ਸਿੰਘ ਮੰਡੀ । ਤੀਜਾ ਸਥਾਨ—ਹਰਵਿੰਦਰ ਕੌਰ ਸਪੁਤਰੀ ਸ. ਸਵਿੰਦਰ ਸਿੰਘ ਲੁਧਿਆਣਾ ।

**੧੯ ਸਾਲ ਤੋਂ ਉੱਪਰ**—ਪਹਿਲਾ ਸਥਾਨ—ਅਵਿਨਾਸ਼ ਕੌਰ ਸਪੁਤਰੀ ਸ. ਹਰਭਜਨ ਸਿੰਘ ਮੰਡੀ । ਦੂਜਾ ਸਥਾਨ—ਰਜਿੰਦਰ ਕੌਰ ਸੁਪਤਨੀ ਸ. ਇਕਬਾਲ ਸਿੰਘ ਜਲੰਧਰ । ਤੀਜਾ ਸਥਾਨ—ਹਰਪਾਲ ਕੌਰ ਸਪੁਤਰੀ ਸ. ਬਲਬੀਰ ਸਿੰਘ ਜਲੰਧਰ ।


Sri Satguru Jagjit Singh Ji eLibrary NamdhariElibrary@gmail.com

Manufacturers of :
Solvent Extraction Plant
and Cattle Feed Plant Accessories

## Matharu Engineering Works

Sultanpur Road,
Near Charbatti Chowk,
KAPURTHALA.
P.O. Box No. 64,
Phone : 2027
Partner-S. Swaran Singh Matharu

---

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲਕੜੀ ਦੇ ਤਸੱਲੀ ਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

## ਬਚਨ ਸਿੰਘ ਐਂਡ ਸਨਜ਼

ਨਿਊ ਟਿੰਬਰ ਮਾਰਕਿਟ,
ਅਕਿਹਰੀ ਪੁਲੀ, ਜਲੰਧਰ ।

---

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੂਰਾ ਦੇ ਮਾਹਰ



## ਗੁਰਦਿਆਲ ਸਿੰਘ ਐਂਡ ਸਨਜ਼

ਦਗਵਾੜਾ ਗੇਟ, ਜਲੰਧਰ ।
ਫੋਨ : 59869

---

ਅਪਣੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

Specialists in : 'A' Class Decoration for
Marriages Parties & Govt. Functions

## Namdhari Tent House

53, Hamidia Road Near Alpana Talkies,
BHOPAL (M.P.)

---

TRADE **OSTER KNIT** MARK
**Top in Fashion Craze Knit**
Manufacturers :
Gents Pullovers, Ladies Cardigon in
Pure Wool and Summer Garments
in Acryl Fabrics

## UDEY KNITWEARS

Street No. 3, Jammu Colony,
LUDHIANA-3.
Hello : Off. 36349, 36338, Resi. 32449
Grams : "Udey Knitwears"

---

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ

ਦਰਵਾਜ਼ੇ, ਖਿੜਕੀਆਂ, ਰੋਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

## ਹਰਭਜਨ ਵੁੱਡ ਵਰਕਸ

ਅਕਹਿਰੀ ਪੁਲੀ, ਜਲੰਧਰ-੧੪੪੦੦੪.

Sri Satguru Jagjit Singh Ji eLibrary NamdhariElibrary@gmail.com

# ਅੰਬਰ ਬਿਸਕੁਟ ਪ੍ਰਾ: ਲਿ:

ਹੈਦਰਾਬਾਦ

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

**AMBER BISCUITS Pvt. Ltd**

SANTOSH NAGAR, X'ROAD, HYDERABAD-500035 INDIA




Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM JULY 1992
Ladowali Rd, Jalandhar-144001.
Registered with the Registrar of News Papers for India No. 26453/75

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

### ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 2528411
" : 2510345
Resi. : 6845441

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ

Sri Satguru Jagjit Singh Ji eLibrary NamdhariElibrary@gmail.com